Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

TOP 4% TREB REALTOR 2018
Buy With $0 Down Program
Royal Canadian Realty, Brokerage
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia
BROKER
647-970-7374
www.HardeepSivia.com

Vol 18 *Issue 156 Wednesday, August 14, 2019 Tel: 905-793-2202 | Fax: 905-793-2282 | news@punjabipost.ca

To view our online newspaper visit **punjabipost.ca/epaper** THE ONLY DAILY PUNJABI NEWS ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ




*Terms and conditions apply. Issued by HSBC Bank Canada and HSBC Investment Funds (Canada) Inc. [1]Waived fee for transfers valued under $10K CAD from HSBC Bank Canada personal accounts. Currency of wire must differ from account currency. CAD equivalent is determined at time the transfer is processed. Exchange rate will apply, additional agency/beneficiary bank fees may apply.

# Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd / Mcvean Dr / Gore Rd / Squire Ellis Dr / Countryside Dr / DENTISTRY

# APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com
Laddi

# TCMPLUS
10 YEARS' FAMOUS TRADITIONAL CHINESE MEDICINE CLINIC

Herbal and Acupuncture.
Treat your roots, Real Result "NO FAKE".

WE TREAT:
- ✔ Diabetes
- ✔ Low Energy
- ✔ Depression
- ✔ Anxiety
- ✔ Gout
- ✔ Disc Pain
- ✔ Prostatitis
- ✔ High Blood Pressure
- ✔ Cron's Disease
- ✔ Colitis
- ✔ Stress
- ✔ Acid Reflux
- ✔ Digestive
- ✔ Sleep Disorder

1st Month Discount

FREE CONSULTATION: 905-415-6999
30 Wertheim court, Unit 11, Richmond Hill

# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

KITCHEN CABINET
Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate
100% Satisfaction

We Specialize in granite, quartz & marble countertops

KITCHEN CABINET
WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
416-200-0931

# SASH FLEET HOLDING LTD
Established since 2007

NOW HIRING!!!
AZ DRIVERS FOR US
- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment

HIRING!!! Operations Manager
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com

# Data everywhere. No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਸੱਦਿਆ ਆਪ ਗਵਰਨਰ ਕਸ਼ਮੀਰ ਦੇ ਨੇ,
ਰਾਹੁਲ ਗਾਂਧੀ ਨੂੰ ਕਿਹਾ ਬਈ ਆ ਮਿੱਤਰ।
ਐਵੇਂ ਈ ਬੋਲੀ ਕੁਝ ਜਾਨੈ ਕਸ਼ਮੀਰ ਬਾਰੇ,
ਝਾਤੀ ਕਸ਼ਮੀਰ ਦੇ ਉੱਪਰ ਤੂੰ ਪਾ ਮਿੱਤਰ।
ਆਉਣਾ ਹੋਇਆ ਤਾਂ ਆਵਣੇ ਵਾਸਤੇ ਵੀ,
ਦਿਆਂਗੇ ਸੋਹਣਾ ਜਹਾਜ਼ ਭਿਜਵਾ ਮਿੱਤਰ।
ਰਾਹੁਲ ਕਹਿੰਦਾ ਕਿ ਨਾਲ ਕਈ ਲੈ ਲੀਡਰ,
ਇਹ ਵੀ ਗੇੜਾ ਫਿਰ ਜਾਊਂਗਾ ਲਾ ਮਿੱਤਰ।
ਆਇਆ ਦਿੱਲੀ ਤੋਂ ਕੋਈ ਹੈ ਫੋਨ ਲੱਗਦਾ,
ਕਰਿਆ ਸੱਦਾ ਗਵਰਨਰ ਸੀ ਰੱਦ ਮਿੱਤਰ।
ਕਹਿੰਦਾ ਰਾਹੁਲ ਨੂੰ ਉਹੀ ਕਿ ਨਾ ਆਇਓ,
ਜਿਹੜਾ ਰਿਹਾ ਸੀ ਆਪ ਹੀ ਸੱਦ ਮਿੱਤਰ।

**ਤੀਸ ਮਾਰ ਖਾਂ**

# ਬਰੈਂਪਟਨ ਹਾਕੀ ਨਾਈਟ ਵਿੱਚ ਹਿੱਸਾ ਲੈਣਗੇ ਐਨਐਚਐਲ ਦੇ ਨਗੀਨੇ ਤੇ ਲੋਕਲ ਸੈਲੇਬ੍ਰਿਟੀਜ਼

## ਸਾਬਕਾ ਮੇਪਲ ਲੀਫਜ਼ ਸਟਾਰ ਕੌਨੌਰ ਬ੍ਰਾਊਨ ਵੀ ਲਵੇਗਾ ਹਿੱਸਾ



ਬਰੈਂਪਟਨ, 13 ਅਗਸਤ (ਪੋਸਟ ਬਿਊਰੋ) : ਮੇਅਰ ਪੈਟ੍ਰਿਕ ਬ੍ਰਾਊਨ ਨੇ ਹਾਕੀ ਨਾਈਟ ਇਨ ਬਰੈਂਪਟਨ ਦੀ ਗੱਲ ਕਰਦਿਆਂ ਆਖਿਆ ਕਿ ਇਹ ਸੱਭ ਕਮਿਊਨਿਟੀ ਦਾ ਕਰਜ਼ਾ ਮੋੜਨ ਦਾ ਇੱਕ ਸਿਲਸਿਲਾ ਹੈ। ਉਨ੍ਹਾਂ ਆਖਿਆ ਕਿ ਖੁਸ਼ੀ ਇਸ ਗੱਲ ਦੀ ਹੈ ਕਿ ਸਾਬਕਾ ਮੇਪਲ ਲੀਫਜ਼ ਸਟਾਰ ਕੌਨੌਰ ਬ੍ਰਾਊਨ ਸਮੇਤ ਕਈ ਆਲ੍ਹਾ ਦਰਜੇ ਦੇ ਖਿਡਾਰੀ ਤੇ ਉੱਘੇ ਕਮਿਊਨਿਟੀ ਆਗੂ ਇਸ ਵਿੱਚ ਹਿੱਸਾ ਲੈਣਗੇ। ਉਨ੍ਹਾਂ ਆਖਿਆ ਕਿ ਇੱਕਜੁੱਟ ਹੋ ਕੇ ਅਸੀਂ ਬਰੈਂਪਟਨ ਵਿੱਚ ਹੈਲਥਕੇਅਰ ਵਿੱਚ ਸੁਧਾਰ ਕਰ ਸਕਦੇ ਹਾਂ।

ਓਟਵਾ ਸੈਨੇਟਰਜ਼ ਵੱਲੋਂ ਕੌਨੌਰ ਬ੍ਰਾਊਨ ਨੇ ਇਸ ਚੈਰਿਟੀ ਫੰਡਰੇਜ਼ਰ ਲਈ ਖੇਡਣ ਉੱਤੇ ਸਹਿਮਤੀ ਦਿੱਤੀ ਹੈ। ਕੌਨੌਰ 2016 ਤੋਂ ਟੋਰਾਂਟੋ ਮੇਪਲ ਲੀਫਜ਼ ਲਈ ਖੇਡਦਾ ਰਿਹਾ ਹੈ ਤੇ ਉਸ ਨੇ 253 ਗੇਮਜ਼ ਵਿੱਚ ਹਿੱਸਾ ਲਿਆ। ਪਿਛਲੇ 3 ਸਾਲਾਂ ਤੋਂ ਉਸਨੇ ਹਰੇਕ ਗੇਮ ਵਿੱਚ ਹਿੱਸਾ ਲਿਆ ਹੈ। ਪੀਲ ਰੀਜਨਲ ਪੁਲਿਸ ਦੇ ਨਵੇਂ ਬਣਨ ਜਾ ਰਹੇ ਚੀਫ ਨਿਸ਼ ਦੁਰੱਈਅੱਪਾ ਬਰੈਂਪਟਨ ਵਿੱਚ ਹੋਣ ਵਾਲੀ ਇਸ ਹਾਕੀ ਨਾਈਟ ਵਿੱਚ ਹਿੱਸਾ ਲੈਣਗੇ। ਦੁਰੱਈਅੱਪਾ ਪਿਛਲੇ 25 ਸਾਲਾਂ ਤੋਂ ਪੁਲਿਸ ਦੀ ਨੌਕਰੀ ਕਰ ਰਹੇ ਹਨ, ਪਿੱਛੇ ਜਿਹੇ ਉਹ ਹਾਲਟਨ ਪੁਲਿਸ ਦੇ ਡਿਪਟੀ ਚੀਫ ਸਨ। ਉਹ ਆਪਣੀ ਨਵੀਂ ਭੂਮਿਕਾ ਪਹਿਲੀ ਅਕਤੂਬਰ ਤੋਂ ਨਿਭਾਉਣੀ ਸ਼ੁਰੂ ਕਰਨਗੇ।

ਬਰੈਂਪਟਨ ਦੇ ਫਾਇਰ ਚੀਫ ਬਿੱਲ ਬੌਇਜ਼ ਵੀ ਟੀਮ ਲਈ ਖੇਡਣਗੇ। ਬੌਇਜ਼ ਪਿਛਲੇ 12 ਸਾਲਾਂ ਤੋਂ ਬਰੈਂਪਟਨ ਫਾਇਰ ਨਾਲ ਜੁੜ ਕੇ ਕਮਿਊਨਿਟੀ ਦੀ ਸੇਵਾ ਕਰ ਰਹੇ ਹਨ ਤੇ ਉਹ 2017 ਵਿੱਚ ਚੀਫ ਬਣੇ ਸਨ। ਮੌਜੂਦਾ ਤੇ ਸਾਬਕਾ ਐਨਐਚਐਲਰਜ਼ ਪਹਿਲਾਂ ਹੀ ਇਸ ਵਿਸ਼ੇਸ਼ ਰਾਤ ਵਿੱਚ ਹਿੱਸਾ ਲੈਣ ਦਾ ਐਲਾਨ ਕਰ ਚੁੱਕੇ ਹਨ। ਇਨ੍ਹਾਂ ਵਿੱਚ ਹਾਕੀ ਹਾਲ ਆਫ ਫੇਮ ਮੈਂਬਰ ਡੱਗ ਗਿੱਲਮਰ ਤੇ ਡੇਲ ਹਾਵਰਚੱਕ ਵੀ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਅਲ ਲਾਫਰੇਤ ਤੇ ਸ਼ੇਨ ਕੌਰਸਲਸੌਨ ਮੋਨਾਹਨ, ਮੈਲਕਮ ਸੁੱਬਨ, ਬ੍ਰੈਡ ਮੇਅ, ਐਂਡਰਿਊ ਮੈਂਗੀਆਪੇਨ, ਟਾਈਲਰ ਗ੍ਰਾਓਵੈਕ, ਕੇਸੀ ਸਿਜ਼ੀਕਾਸ, ਟਾਈਲਰ ਰੈਂਡਲ, ਬ੍ਰੈੱਟ ਰਿਚੀ, ਨਿੱਕ ਰਿਚੀ, ਸਕਾਟ ਵੈਜ਼ਵੁੱਡ ਤੇ ਕ੍ਰਿਸ ਟੈਰੀ ਵੀ ਇਸ ਮੌਕੇ ਬਰੈਂਪਟਨ ਵਿੱਚ ਹੋਣਗੇ।

ਹਾਕੀ ਨਾਈਟ ਇਨ ਬਰੈਂਪਟਨ ਵੀਰਵਾਰ 22 ਅਗਸਤ ਨੂੰ ਸ਼ਾਮੀਂ 7:00 ਵਜੇ ਸੀਏਏ ਸੈਂਟਰ, 7575 ਕੈਨੇਡੀ ਰੋਡ ਸਾਊਥ, ਬਰੈਂਪਟਨ ਵਿੱਚ ਸ਼ੁਰੂ ਹੋਵੇਗੀ। ਇਸ ਚੈਰਿਟੀ ਫੰਡਰੇਜ਼ਰ ਵਿੱਚ ਲੋਕਲ ਸੈਲੇਬ੍ਰਿਟੀਜ਼ ਦੇ ਨਾਲ ਨਾਲ ਐਨਐਚਐਲ ਦੇ ਸਧੇ ਹੋਏ ਖਿਡਾਰੀ ਮਿਕਸ ਮੈਚ ਖੇਡਣਗੇ। ਇਹ ਮੈਚ ਵਿਲੀਅਮ ਓਸਲਰ ਹੈਲਥ ਸਿਸਟਮ ਫਾਊਂਡੇਸ਼ਨ ਰਾਹੀਂ ਬਰੈਂਪਟਨ ਦੇ ਸਿਵਿਕ ਹਸਪਤਾਲ ਦੇ ਕਾਰਡੀਓਲੋਜੀ ਪ੍ਰੋਗਰਾਮ ਨੂੰ ਸਪੋਰਟ ਕਰਨ ਲਈ ਖੇਡਿਆ ਜਾਵੇਗਾ। ਇਸ ਮੈਚ ਲਈ 12 ਤੋਂ 33 ਡਾਲਰ ਤੱਕ ਦੀ ਟਿਕਟ ਰੱਖੀ ਗਈ ਹੈ। ਇਹ f ਟ ਕ ਟ ' ੍ਹਚਕਏ'ਗਿਹਟਨਿਭਰਅਮਪਟੋਨ।ਚੋ ਮ ਉੱਤੇ ਖਰੀਦੀਆਂ ਜਾ ਸਕਦੀਆਂ ਹਨ।

# ਗੰਨ ਹਿੰਸਾ ਰੋਕਣ ਲਈ ਐਲਾਨੇ ਗਏ ਫੰਡਾਂ ਤੋਂ ਬਾਅਦ ਟਰੂਡੋ ਕਰਨਗੇ ਟੋਰੀ ਨਾਲ ਵਿਚਾਰ ਵਟਾਂਦਰਾ



ਟੋਰਾਂਟੋ, 13 ਅਗਸਤ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਗੰਨ ਹਿੰਸਾ ਨਾਲ ਨਜਿੱਠਣ ਲਈ ਸੰਭਾਵੀ ਰਣਨੀਤੀ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਅੱਜ ਟੋਰਾਂਟੋ ਦੇ ਮੇਅਰ ਨਾਲ ਮੁਲਾਕਾਤ ਕਰਨ ਦੀ ਸੰਭਾਵਨਾ ਹੈ।

ਗੰਨ ਕ੍ਰਾਈਮ ਨਾਲ ਨਜਿੱਠਣ ਲਈ ਫੈਡਰਲ, ਪ੍ਰੋਵਿੰਸ਼ੀਅਲ ਤੇ ਮਿਊਂਸਪਲ ਸਰਕਾਰਾਂ ਵੱਲੋਂ ਸਾਂਝੇ ਤੌਰ ਉੱਤੇ ਟੋਰਾਂਟੋ ਪੁਲਿਸ ਨੂੰ 4.5 ਮਿਲੀਅਨ ਡਾਲਰ ਦੀ ਮਾਲੀ ਮਦਦ ਦੇਣ ਦੀ ਕੀਤੀ ਗਈ ਪੇਸ਼ਕਸ਼ ਤੇ ਐਲਾਨ ਤੋਂ ਇੱਕ ਦਿਨ ਬਾਅਦ ਪ੍ਰਧਾਨ ਮੰਤਰੀ ਵੱਲੋਂ ਜੌਹਨ ਟੋਰੀ ਨਾਲ ਮੁਲਾਕਾਤ ਕਰਨ ਦਾ ਇਹ ਸੱਬਬ ਬਣਿਆ ਹੈ। ਪਿਛਲੇ ਦੋ ਸਾਲਾਂ ਤੋਂ ਪੁਲਿਸ ਫੋਰਸ ਨੂੰ ਗੋਲੀਕਾਂਡ ਦੀਆਂ ਕਈ ਘਟਨਾਵਾਂ ਨਾਲ ਦੋ ਚਾਰ ਹੋਣਾ ਪੈ ਰਿਹਾ ਹੈ। ਪਿਛਲੇ ਵੀਕੈਂਡ ਉੱਤੇ ਹੀ ਪੁਲਿਸ ਨੂੰ ਗੋਲੀ ਚੱਲਣ ਦੀਆਂ 14 ਵੱਖ ਵੱਖ ਘਟਨਾਵਾਂ ਨਾਲ ਨਜਿੱਠਣਾ ਪਿਆ।

ਪੁਲਿਸ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਵੱਡੀ ਪੱਧਰ ਉੱਤੇ ਗੈਂਗ ਨਾਲ ਸਬੰਧਤ ਸਨ। ਟੋਰਾਂਟੋ ਪੁਲਿਸ ਮੁਖੀ ਮਾਰਕ ਸਾਂਡਰਸ ਨੇ ਸੋਮਵਾਰ ਨੂੰ ਆਖਿਆ ਕਿ ਫੰਡ ਹਾਸਲ ਹੋਣ ਜਾ ਰਹੇ ਹਨ ਇਸ ਦਾ ਅਸੀਂ ਸਵਾਗਤ ਕਰਦੇ ਹਾਂ ਪਰ ਇਨ੍ਹਾਂ ਨੂੰ ਕਿਸ ਤਰ੍ਹਾਂ ਖਰਚ ਕੀਤਾ ਜਾਵੇਗਾ ਇਸ ਬਾਰੇ ਹਾਲ ਦੀ ਘੜੀ ਕੁੱਝ ਨਹੀਂ ਆਖਿਆ ਜਾ ਸਕਦਾ। ਸਾਂਡਰਸ ਨੇ ਆਖਿਆ ਕਿ ਉਹ ਆਉਣ ਵਾਲੇ ਦਿਨਾਂ ਵਿੱਚ ਗੰਨ ਵਾਇਲੈਂਸ ਨਾਲ ਨਜਿੱਠਣ ਦੀ ਯੋਜਨਾ ਉਲੀਕਣਗੇ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਇੱਕ ਬਿਆਨ ਵਿੱਚ ਆਖਿਆ ਕਿ ਇਸ ਸਬੰਧ ਵਿੱਚ ਪ੍ਰੋਵਿੰਸ ਵੱਲੋਂ 1.5 ਮਿਲੀਅਨ ਡਾਲਰ ਦਾ ਪਾਇਆ ਜਾਣ ਵਾਲਾ ਯੋਗਦਾਨ ਅਸਲ ਵਿੱਚ ਪਹਿਲਾਂ ਗੈਂਗ ਵਿਰੋਧੀ ਫੰਡਿੰਗ ਲਈ ਚਾਰ ਸਾਲਾਂ ਵਾਸਤੇ ਰੱਖਿਆ ਗਿਆ ਸੀ।

# ਬਰੈਂਪਟਨ ਦੇ ਇੱਕ ਘਰ ਵਿੱਚ ਹੋਇਆ ਧਮਾਕਾ, ਪੰਜ ਸਾਲਾ ਬੱਚਾ ਤੇ ਤਿੰਨ ਬਾਲਗ ਜ਼ਖ਼ਮੀ



ਬਰੈਂਪਟਨ, 13 ਅਗਸਤ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਬਰੈਂਪਟਨ ਦੇ ਰਿਹਾਇਸ਼ੀ ਇਲਾਕੇ ਵਿੱਚ ਧਮਾਕਾ ਹੋਣ ਤੋਂ ਬਾਅਦ ਪੰਜ ਸਾਲਾ ਬੱਚੇ ਸਮੇਤ ਤਿੰਨ ਬਾਲਗ ਵੀ ਜ਼ਖ਼ਮੀ ਹੋ ਗਏ। ਇਹ ਘਟਨਾ ਹੰਬਰਵੈਸਟ ਪਾਰਕਵੇਅ ਤੇ ਕੌਟਰੇਲੇ ਬੋਲੀਵੀਆਰਡ ਨੇੜੇ 1:30 ਦੇ ਨੇੜੇ ਤੇੜੇ ਵਾਪਰੀ। ਏਰੀਅਲ ਫੁਟੇਜ ਤੋਂ ਸਾਹਮਣੇ ਆਇਆ ਹੈ ਕਿ ਘਰ ਦੇ ਪਿਛਲੇ ਹਿੱਸੇ ਨੂੰ ਕਾਫੀ ਨੁਕਸਾਨ ਪਹੁੰਚਿਆ। ਪੀਲ ਰੀਜਨਲ ਪੁਲਿਸ ਕਾਂਸਟੇਬਲ ਇਰਿਆਨਾ ਯੈਸ਼ਨਿਕ ਨੇ ਦੱਸਿਆ ਕਿ ਇੱਕ ਕੰਧ ਵੀ ਅੰਸ਼ਕ ਤੌਰ ਉੱਤੇ ਟੁੱਟ ਗਈ। ਜ਼ਖ਼ਮੀ ਬੱਚੇ ਨੂੰ ਇਲਾਜ ਲਈ ਇੱਕ ਲੋਕਲ ਹਸਪਤਾਲ ਲਿਜਾਇਆ ਗਿਆ। ਪੀਲ ਪੈਰਾਮੈਡਿਕਸ ਨੇ ਦੱਸਿਆ ਕਿ ਤਿੰਨ ਬਾਲਗ ਵੀ ਕੁੱਝ ਹੱਦ ਤੱਕ ਝੁਲਸੇ ਹਨ।

ਪੁਲਿਸ ਨੇ ਦੱਸਿਆ ਕਿ ਸਥਿਤੀ ਨਿਯੰਤਰਣ ਹੇਠ ਹੈ। ਯੈਸ਼ਨਿਕ ਨੇ ਦੱਸਿਆ ਕਿ ਇਸ ਘਰ ਦੇ ਨਾਲ ਲੱਗਦੇ ਘਰਾਂ ਨੂੰ ਅਹਿਤਿਆਤਨ ਖਾਲੀ ਕਰਵਾ ਲਿਆ ਗਿਆ ਹੈ। ਬਾਕੀ ਦਾ ਇਲਾਕਾ ਪ੍ਰਭਾਵਿਤ ਨਹੀਂ ਹੋਇਆ। ਇਸ ਘਰ ਦੇ ਗੁਆਂਢ ਵਿੱਚ ਰਹਿਣ ਵਾਲੇ ਮਾਈਕ ਪੈਪ ਨੇ ਆਖਿਆ ਕਿ ਉਸ ਨੇ ਇੱਕ ਬੱਚੀ ਨੂੰ ਰੋਂਦਿਆਂ ਸੁਣਿਆ ਸੀ। ਉਸ ਨੇ ਦੱਸਿਆ ਕਿ ਸਥਿਤੀ ਦਾ ਜਾਇਜ਼ਾ ਲੈਣ ਤੋਂ ਬਾਅਦ ਹੀ ਉਸ ਨੇ 911 ਉੱਤੇ ਕਾਲ ਕਰਕੇ ਮਦਦ ਬੁਲਾਈ ਸੀ।

ਦੂਜੇ ਗੁਆਂਢੀ ਕਾਹਲਿਦ ਸਿੱਤੋ ਨੇ ਦੱਸਿਆ ਕਿ ਸਾਰਾ ਪਰਿਵਾਰ ਹੀ ਥੋੜ੍ਹਾ ਬਹੁਤ ਝੁਲਸਿਆ ਹੋਇਆ ਸੀ। ਉਹ ਸਾਰੇ ਹੀ ਚੀਕ ਤੇ ਰੋ ਰਹੇ ਸੀ। ਘਰ ਨੂੰ ਹੋਏ ਢਾਂਚਾਗਤ ਨੁਕਸਾਨ ਦਾ ਪਤਾ ਲਾਉਣ ਲਈ ਫਾਇਰ ਇੰਸਪੈਕਟਰ ਵੀ ਮੌਕੇ ਉੱਤੇ ਪਹੁੰਚ ਚੁੱਕਿਆ ਸੀ। ਧਮਾਕੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

# ਕੋਕੀਨ ਰੱਖਣ ਦੇ ਦੋਸ਼ ਵਿੱਚ 70 ਸਾਲਾ ਮਹਿਲਾ ਨੂੰ ਕੀਤਾ ਗਿਆ ਚਾਰਜ



ਸਸਕੈਚਵਨ, 13 ਅਗਸਤ (ਪੋਸਟ ਬਿਊਰੋ) : ਸਸਕੈਚਵਨ ਦੇ ਉੱਤਰੀ ਹਿੱਸੇ ਵਿੱਚ 70 ਸਾਲਾ ਮਹਿਲਾ ਨੂੰ ਕੋਕੀਨ ਰੱਖਣ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ। ਇਹ ਜਾਣਕਾਰੀ ਆਰਸੀਐਮਪੀ ਦੇ ਅਧਿਕਾਰੀਆਂ ਵੱਲੋਂ ਦਿੱਤੀ ਗਈ।

ਪਿਛਲੇ ਹਫਤੇ ਗ੍ਰੀਨ ਲੇਕ ਤੇ ਮੀਡੋਅ ਲੇਕ ਵਿਖੇ ਸਸਕੈਚਵਨ ਦੇ ਆਰਸੀਐਮਪੀ ਅਧਿਕਾਰੀਆਂ ਵੱਲੋਂ ਨੌਰਥ ਬੈਟਲਫੋਰਡ ਪੁਲਿਸ ਦੀ ਡੌਗ ਯੂਨਿਟ ਦੀ ਮਦਦ ਨਾਲ ਗ੍ਰੀਨ ਲੇਕ, ਸਸਕੈਚਵਨ ਸਥਿਤ ਇੱਕ ਘਰ ਦੀ ਤਲਾਸ਼ੀ ਲਈ ਗਈ। ਪੁਲਿਸ ਨੇ ਇਹ ਨਹੀਂ ਦੱਸਿਆ ਕਿ ਕਿੰਨੀ ਕੋਕੀਨ ਫੜ੍ਹੀ ਗਈ ਪਰ ਪੁਲਿਸ ਨੇ ਇਹ ਜ਼ਰੂਰ ਦੱਸਿਆ ਕਿ ਇਸ ਦੌਰਾਨ ਇੱਕ ਔਰਤ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

70 ਸਾਲਾ ਰੀਟਾ ਸਿੰਕਲੇਅਰ ਨੂੰ ਸਮਗਲਿੰਗ ਦੇ ਇਰਾਦੇ ਨਾਲ ਕੋਕੀਨ ਰੱਖਣ ਲਈ ਚਾਰਜ ਕੀਤਾ ਗਿਆ। ਉਸ ਨੂੰ ਹਿਰਾਸਤ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਤੇ ਪਹਿਲੀ ਵਾਰੀ 16 ਸਤੰਬਰ ਨੂੰ ਉਸ ਨੂੰ ਮੀਡੋਅ ਲੇਕ ਪ੍ਰੋਵਿੰਸ਼ੀਅਲ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਭਾਰਤ ’ਚ ਹੜ੍ਹਾਂ ਕਾਰਨ 200 ਲੋਕਾਂ ਦੀ ਮੌਤ, ਕਈ ਟਰੇਨਾਂ ਰੱਦ

ਨਵੀਂ ਦਿੱਲੀ, 13 ਅਗਸਤ, (ਪੋਸਟ ਬਿਊਰੋ)- ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਹੜ੍ਹਾਂ ਦੀ ਸਥਿਤੀ ਅਜੇ ਤੱਕ ਗੰਭੀਰ ਬਣੀ ਪਈ ਹੈ। ਇਸ ਦੌਰਾਨ 200 ਤੋਂ ਵੱਧ ਲੋਕਾਂ ਦੀ ਮੌਤ ਹੋਣ ਦੀ ਖਬਰ ਹੈ ਅਤੇ ਜ਼ਬਰਦਸਤ ਬਾਰਿਸ਼ ਕਾਰਨ ਪੱਛਮੀ ਰੇਲਵੇ ਨੂੰ ਅੱਜ ਮੰਗਲਵਾਰ ਵੀ 14 ਗੱਡੀਆਂ ਰੱਦ ਕਰਨੀਆਂ ਪੈ ਗਈਆਂ ਹਨ। ਪੱਛਮੀ ਰੇਲਵੇ ਵੱਲੋਂ ਜਾਰੀ ਕੀਤੇ ਗਏ ਬਿਆਨ ਅਨੁਸਾਰ ਅਗਲੀ 19 ਅਗਸਤ ਤੱਕ ਇਕ, 15 ਅਗਸਤ ਤੱਕ 8, 16 ਅਗਸਤ ਤੱਕ ਪੰਜ, 17 ਅਗਸਤ ਤੱਕ ਤਿੰਨ ਟਰੇਨਾਂ ਰੱਦ ਕਰ ਦਿੱਤੀਆਂ ਗਈਆਂ ਹਨ।

ਇਸ ਦੌਰਾਨ ਕੇਰਲਾ, ਕਰਨਾਟਕਾ, ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਰਾਹਤ ਅਤੇ ਬਚਾਅ ਦਾ ਕੰਮ ਜਾਰੀ ਰਹਿਣ ਦੇ ਬਾਵਜੂਦ ਮਰਨ ਵਾਲਿਆਂ ਦੀ ਗਿਣਤੀ 200 ਤੋਂ ਵੀ ਵੱਧ ਹੋ ਗਈ ਹੈ। ਅਧਿਕਾਰੀਆਂ ਦੇ ਦੱਸਣ ਮੁਤਾਬਕ 12 ਲੱਖ ਤੋਂਵੱਧ ਲੋਕ ਹਾਲੇ ਵੀ ਹੜ੍ਹ ਦੀ ਲਪੇਟ ਵਿੱਚ ਆਏ ਹੋਏ ਹਨ। ਕਰਨਾਟਕਦੇ 70 ਜ਼ਿਲ੍ਹਿਆਂ ਦੀਆਂ 80 ਤਹਿਸੀਲਾਂ ਹੜ੍ਹ ਨਾਲ ਪ੍ਰਭਾਵਿਤ ਹਨ। ਇਸ ਰਾਜ ਵਿੱਚ ਮਰਨ ਵਾਲਿਆਂ ਦੀ ਗਿਣਤੀ 48 ਤਕ ਚਲੀ ਗਈ ਹੈ ਅਤੇ 12 ਲੋਕ ਹਾਲੇ ਲਾਪਤਾ ਹਨ। ਮਹਾਰਾਸ਼ਟਰ ਵਿੱਚ ਮਰਨ ਵਾਲਿਆਂ ਦੀ ਗਿਣਤੀ 43 ਹੋ ਗਈ ਅਤੇ ਹੜ੍ਹ ਤੋਂ ਪ੍ਰਭਾਵਤ 4.48 ਲੱਖ ਲੋਕਾਂ ਨੂੰ ਸੁਰੱਖਿਅਤ ਥਾਵਾਂ ਉੱਤੇ ਪਹੁੰਚਾ ਦਿੱਤਾ ਗਿਆ ਹੈ। ਇਸ ਰਾਜ ਦੇ 761 ਪਿੰਡ ਹੜ੍ਹ ਨਾਲ ਪ੍ਰਭਾਵਿਤ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲ੍ਹਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਦਿੱਲੀ ਵਿੱਚ ਗੁਰੂ ਰਵਿਦਾਸ ਮੰਦਰ ਢਾਹੁਣ ਵਿਰੁੱਧ 'ਪੰਜਾਬ ਬੰਦ'

* ਬੰਦ ਦੌਰਾਨ ਪੰਜਾਬ ਭਰ ਵਿੱਚ ਆਮ ਕਰ ਕੇ ਸ਼ਾਂਤੀ ਰਹੀ * ਕੇਂਦਰੀ ਮੰਤਰੀ ਹਰਦੀਪ ਪੁਰੀ ਦਿੱਲੀ ਦੇ ਲੈਫਟੀਨੈਂਟ ਗਵਰਨਰ ਨੂੰ ਮਿਲੇ



ਜਲੰਧਰ, 13 ਅਗਸਤ, (ਪੋਸਟ ਬਿਊਰੋ)- ਦਿੱਲੀ ਦੇ ਤੁਗਲਕਾਬਾਦ ਵਿੱਚਗੁਰੂ ਰਵਿਦਾਸ ਮੰਦਰ ਨੂੰ ਢਾਹੇ ਜਾਣ ਵਿਰੁੱਧਰੋਸ ਵਜੋਂ ਅੱਜ ਮੰਗਲਵਾਰ 13 ਅਗਸਤ ਨੂੰ 'ਪੰਜਾਬ ਬੰਦ' ਦਾ ਸੱਦਾ ਦਿੱਤਾ ਗਿਆ ਸੀ, ਜਿਹੜਾ ਆਮ ਤੌਰ ਉੱਤੇ ਸ਼ਾਂਤੀ ਨਾਲ ਗੁਜ਼ਰ ਗਿਆ ਤੇ ਸਰਕਾਰ ਵੱਲੋਂ ਵੀ ਹਮਾਇਤ ਕੀਤੇ ਜਾਣ ਨਾਲ ਕੋਈ ਮਾੜੀ ਘਟਨਾ ਨਹੀਂ ਵਾਪਰੀ।

ਵਰਨਣ ਯੋਗ ਹੈ ਕਿ ਇਸ 'ਪੰਜਾਬ ਬੰਦ' ਦੇ ਐਲਾਨ ਤੋਂ ਬਾਅਦ ਪੰਜਾਬ ਸਰਕਾਰ ਨੇ ਸੁਰੱਖਿਆ ਦੇ ਪੱਕੇ ਪ੍ਰਬੰਧਵੀ ਕੀਤੇ ਸਨ ਤੇ ਸਾਰੇ ਜ਼ਿਲਿਆਂ ਵਿੱਚ ਹਾਈ ਅਲਰਟ ਵੀ ਜਾਰੀ ਕੀਤਾ ਗਿਆ ਸੀ। ਦੋਆਬੇ ਦੇ ਜ਼ਿਲਿਆਂ ਵਿੱਚ ਖਾਸ ਤੌਰ ਉੱਤੇ ਫੋਰਸ ਤਾਇਨਾਤ ਕੀਤੀ ਗਈ ਸੀ। ਇਸ ਤੋਂ ਇਲਾਵਾ ਮਾਝਾ ਅਤੇ ਮਾਲਵਾ ਵਿੱਚ ਵੀ ਫੋਰਸ ਵਧਾਈ ਗਈ ਹੈ। ਇਸ 'ਬੰਦ' ਤੋਂ ਇੱਕ ਦਿਨ ਪਹਿਲਾਂ ਸੋਮਵਾਰ ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦੇ ਇਲਾਵਾ ਡੀ ਜੀ ਪੀ ਇੰਟੈਲੀਜੈਂਸ ਅਤੇ ਡੀ ਜੀ ਪੀ ਲਾਅ ਐਂਡ ਆਰਡਰ ਨਾਲ ਸੁਰੱਖਿਆ ਬਾਰੇ ਜਾਇਜ਼ਾ ਵੀ ਲਿਆ ਸੀ। ਬਹੁਤੇ ਪ੍ਰਭਾਵ ਵਾਲੇ ਜਲੰਧਰ, ਹੁਸ਼ਿਆਰਪੁਰ ਤੇ ਕਪੂਰਥਲਾ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਸਕੂਲਾਂ ਅਤੇ ਕਾਲਜਾਂ ਵਿੱਚ ਛੁੱਟੀ ਦਾ ਐਲਾਨ ਕਰ ਦਿੱਤਾ ਸੀ, ਪਰ ਸਰਕਾਰੀ ਸੰਸਥਾਵਾਂ, ਬੱਸਾਂ ਤੇ ਰੇਲ ਗੱਡੀਆਂ ਮਿਥੇ ਸਮੇਂ ਉੱਤੇਚਲਾਉਣ ਲਈ ਕਿਹਾ ਗਿਆ ਸੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਸੰਵੇਦਨਸ਼ੀਲ ਮਾਮ-ਲੇਵਾਸਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿੱਜੀ ਤੌਰ ਉੱਤੇ ਦਖਲ ਦੇਣ ਦੀ ਅਪੀਲ ਕਰਨ ਦੇ ਨਾਲ ਕੇਂਦਰ ਸਰਕਾਰ ਦੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ ਨਾਲ ਗੱਲ ਕਰਕੇ ਮਸਲਾ ਹੱਲ ਕਰਨ ਨੂੰ ਕਿਹਾ ਸੀ। ਕੈਪਟਨ ਅਮਰਿੰਦਰ ਸਿੰਘ ਨੇ ਇਸ ਦੇ ਨਾਲ ਦਲਿਤ ਭਾਈਚਾਰੇ ਨੂੰ ਵਿੱਤੀ ਅਤੇ ਕਾਨੂੰਨੀ ਮਦਦ ਦਾ ਭਰੋਸਾ ਵੀ ਦਿੱਤਾ ਸੀ,ਤਾਂ ਕਿ ਇਸ ਮਾਮਲੇ ਨੂੰ ਅੱਗੇ ਲਿਜਾਣ ਵਿੱਚ ਕੋਈ ਪਰੇਸ਼ਾਨੀ ਨਾ ਹੋਵੇ ਅਤੇ ਉਸੇ ਥਾਂਦੁਬਾਰਾ ਮੰਦਰ ਬਣਾਇਆ ਜਾ ਸਕੇ।

ਅੱਜਮੰਗਲਵਾਰ ਦੇ ਇਸ 'ਪੰਜਾਬ ਬੰਦ' ਦੌਰਾਨ ਰਵਿਦਾਸ ਸਮਾਜ ਦੇ ਲੋਕ ਜਲੰਧਰ, ਲੁਧਿਆਣਾ, ਹੁਸ਼ਿਆਰਪੁਰ, ਗੁਰਦਾਸਪੁਰ ਤੇ ਕਪੂਰਥਲਾਸਮੇਤ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪ੍ਰਦਰਸ਼ਨ ਕਰ ਰਹੇ ਸਨ। ਪੰਜਾਬ ਭਰ ਵਿੱਚ ਸਰਕਾਰੀ ਤੇ ਪ੍ਰਾਈਵੇਟ ਸਕੂਲ ਬੰਦ ਰੱਖੇ ਗਏ ਸਨ।ਇਸ ਦੌਰਾਨ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਅੱਜ ਡੇਰਾ ਸੱਚਖੰਡ ਬੱਲਾਂ ਵਿੱਚ ਗੱਦੀਨਸ਼ੀਨ ਸੰਤ ਨਿਰੰਜਨ ਦਾਸ ਨਾਲ ਉਚੇਚੀ ਮੁਲਾਕਾਤ ਪਿੱਛੋਂ ਆਮ ਲੋਕਾਂ ਨੂੰ ਸ਼ਾਂਤੀ ਰੱਖਣ ਦੀ ਅਪੀਲ ਕੀਤੀ ਤੇ ਕਿਹਾ ਕਿ ਉਹ ਮੰਦਰ ਲਈ ਦੁਬਾਰਾ ਜ਼ਮੀਨ ਅਲਾਟ ਕਰਾਉਣ ਦੇ ਯਤਨ ਕਰਨਗੇ। ਕਾਂਗਰਸ ਦੇ ਸੂਬਾ ਪ੍ਰਧਾਨ ਵਜੋਂ ਅਸਤੀਫ਼ਾ ਦੇ ਚੁੱਕੇ ਸਾਬਕਾ ਪਾਰਲੀਮੈਂਟ ਮੈਂਬਰ ਸੁਨੀਲ ਜਾਖੜ ਨੇ ਪ੍ਰਦਰਸ਼ਨ ਮੌਕੇ ਆਮ ਲੋਕਾਂ ਨੂੰ ਪਰੇਸ਼ਾਨੀ ਨਾ ਹੋਣਾ ਯਕੀਨੀ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਰਵਿਦਾਸ ਸਮਾਜ ਦੇ ਨਾਲ ਹੈ ਅਤੇ ਦਿੱਲੀ ਵਿੱਚ ਢਾਹੇ ਗਏ ਮੰਦਰ ਨੂੰ ਦੁਬਾਰਾ ਬਣਾਉਣ ਲਈ ਹਰ ਸੰਭਵ ਮਦਦ ਕਰੇਗੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਇਸ ਮੁੱਦੇ ਉੱਤੇ ਕੇਂਦਰ ਸਰਕਾਰ ਨਾਲ ਗੱਲ ਕਰਨਗੇ।

ਓਧਰ ਦਿੱਲੀ ਵਿੱਚ ਅੱਜ ਕੇਂਦਰ ਸਰਕਾਰ ਦੇ ਰਿਹਾਇਸ਼ਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਹਰਦੀਪ ਸਿੰਘ ਪੁਰੀ ਨੇ ਲੈਫਟੀਨੈਂਟ ਗਵਰਨਰ ਅਨਿਲ ਬੈਜਲ ਨਾਲ ਮੁਲਾਕਾਤ ਕਰ ਕੇ ਗੁਰੂ ਰਵਿਦਾਸ ਮੰਦਰ ਦੀ ਥਾਂ ਖਾਲੀ ਕਰਵਾਏ ਜਾਣ ਦੇ ਸੁਪਰੀਮ ਕੋਰਟ ਦੇ ਹੁਕਮਾਂਅਤੇ ਹੋਰ ਵੱਖ-ਵੱਖ ਮੁੱਦਿਆਂ ਉੱਤੇ ਚਰਚਾ ਕੀਤੀ। ਇਸ ਦੇ ਬਾਅਦ ਹਰਦੀਪ ਸਿੰਘ ਪੁਰੀ ਨੇ ਟਵੀਟ ਕੀਤਾ, 'ਅਸੀਂ ਦਿੱਲੀ ਵਿਕਾਸ ਅਥਾਰਟੀ (ਡੀ ਡੀ ਏ) ਦੇ ਉੱਪ ਪ੍ਰਧਾਨ ਨਾਲ ਕੋਈ ਹੱਲ ਲੱਭਣ ਤੇ ਇਕ ਅਜਿਹੇ ਸਥਾਨ ਦੀ ਪਛਾਣ ਕਰਨ ਲਈ ਵਚਨਬੱਧ ਹਾਂ, ਜਿੱਥੇ ਮੰਦਰ ਮੁੜ ਬਣਾਇਆ ਜਾ ਸਕੇ।' ਉਨ੍ਹਾਂ ਕਿਹਾ ਅਸੀਂ ਪ੍ਰਭਾਵਤ ਪੱਖਾਂ ਨੂੰ ਇਸ ਬਾਰੇ ਜ਼ਰੂਰੀ ਨਿਰਦੇਸ਼ ਦੇਣ ਲਈ ਅਦਾਲਤ ਵਿੱਚ ਅਪੀਲ ਕਰਨ ਦਾ ਵੀ ਸੁਝਾਅ ਦਿੱਤਾ ਹੈ।

# ਧਾਰਾ 370 ਉੱਤੇ ਖੜੇ ਪੈਰ ਸੁਣਵਾਈ ਕਰਨ ਤੋਂ ਸੁਪਰੀਮ ਕੋਰਟ ਦਾ ਇਨਕਾਰ



ਨਵੀਂ ਦਿੱਲੀ, 13 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਹਟਾਏ ਜਾਣ ਵਾਲੇ ਮੁੱਦੇ ਉੱਤੇ ਤੁਰੰਤ ਸੁਣਵਾਈ ਕਰਨ ਤੋਂਸੁਪਰੀਮ ਕੋਰਟ ਨੇ ਇਨਕਾਰ ਕਰ ਦਿੱਤਾ ਹੈ। ਕੋਰਟ ਨੇ ਹਾਲਾਤ ਵਿੱਚ ਸੁਧਾਰ ਦੀ ਆਸ ਕਰਦੇ ਹੋਏ ਇਸ ਸੁਣਵਾਈ ਨੂੰ ਦੋ ਹਫ਼ਤੇ ਬਾਅਦ ਲਈ ਟਾਲ ਦਿੱਤਾ ਹੈ।

ਅੱਜ ਇਸ ਬਾਰੇ ਸੁਪਰੀਮ ਕੋਰਟ ਨੇ ਕਿਹਾ ਕਿ ਇਹ ਸੰਵੇਦਨਸ਼ੀਲ ਮੁੱਦਾ ਹੈ, ਸਾਨੂੰ ਕੁਝ ਦਿਨ ਹੋਰ ਉਡੀਕ ਕਰਨੀ ਚਾਹੀਦੀ ਹੈ। ਇਸਦੇ ਨਾਲ ਕੋਰਟ ਨੇ ਇਹ ਵੀ ਕਿਹਾ ਕਿ ਸਰਕਾਰ ਉੱਤੇ ਭਰੋਸਾ ਕਰਨਾ ਹੋਵੇਗਾ, ਜੰਮੂ-ਕਸ਼ਮੀਰ ਵਿੱਚ ਮੌਜੂਦਾ ਹਾਲਾਤ 'ਬਹੁਤ ਸੰਵੇਦਨਸ਼ੀਲ' ਹਨਤੇ ਸਾਨੂੰ ਸੋਚਣਾ ਚਾਹੀਦਾ ਹੈ ਕਿ ਓਥੇ ਕਿਸੇ ਦੀ ਜਾਨ ਨਹੀਂ ਜਾਣੀ ਚਾਹੀਦੀ।

ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਕੋਰਟ ਨੂੰ ਦੱਸਿਆ ਕਿ ਜੰਮੂ-ਕਸ਼ਮੀਰ ਵਿਚਲੇ ਹਾਲਾਤ ਦੀ ਰੋਜ਼ਸਮਿਖਿਆ ਕੀਤੀ ਜਾ ਰਹੀ ਹੈ। ਸਰਕਾਰ ਵੱਲੋਂ ਪੇਸ਼ ਹੋਏ ਅਟਾਰਨੀ ਜਨਰਲ ਵੇਣੂਗੋਪਾਲ ਨੇ ਕਿਹਾ ਕਿ ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਜੰਮੂ-ਕਸ਼ਮੀਰ ਦੀ ਕਾਨੂੰਨ ਵਿਵਸਥਾ ਕਾਇਮ ਰਹੇ। ਜੰਮੂ-ਕਸ਼ਮੀਰ ਬਾਰੇ ਫੌਰੀ ਸੁਣਵਾਈ ਬਾਰੇ ਇਹ ਮੰਗ ਤਹਿਸੀਨ ਪੂਨਾਵਾਲਾ ਨੇ ਦਾਇਰ ਕੀਤੀ ਸੀ। ਵਰਨਣ ਯੋਗ ਹੈ ਕਿ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣ ਮਗਰੋਂ ਓਥੇਸੁਰੱਖਿਆ ਨੂੰ ਵੇਖਦੇ ਹੋਏ ਭਾਰੀ ਗਿਣਤੀ ਵਿੱਚ ਫੋਰਸ ਲਾਈ ਗਈਤੇ ਕਈ ਦਿਨਾਂ ਲਈ ਇੰਟਰਨੈਟ ਠੱਪ ਕੀਤਾ ਗਿਆ ਹੈ। ਇਸ ਦੇ ਨਾਲ ਕੇਂਦਰ ਸਰਕਾਰ ਦੇ ਹੁਕਮ ਉੱਤੇ ਇਸ ਰਾਜਦੇ ਦੋਸਾਬਕਾ ਮੁੱਖ ਮੰਤਰੀਆਂ ਮਹਿਬੂਬਾ ਮੁਫ਼ਤੀ ਅਤੇ ਉਮਰ ਅਬਦੁੱਲਾ ਸਮੇਤ ਕਈ ਨੇਤਾਵਾਂ ਨੂੰ ਨਜ਼ਰਬੰਦ ਕੀਤਾ ਗਿਆ ਹੈ। ਉਂਝ ਜੰਮੂ ਖੇਤਰ ਤੋਂ ਇਸ ਦੌਰਾਨ ਧਾਰਾ 144 ਹਟਾ ਲਈ ਗਈ ਤੇ ਸਕੂਲ ਕਾਲਜ ਖੋਲ੍ਹ ਦਿੱਤੇ ਗਏ ਹਨ। ਸ੍ਰੀਨਗਰ ਵਿੱਚ ਈਦ ਮੌਕੇ ਉੱਤੇ ਸਖ਼ਤ ਸੁਰੱਖਿਆ ਦੌਰਾਨ ਨਮਾਜ ਅਦਾ ਕੀਤੀ ਗਈ ਸੀ, ਪਰ ਵੱਡੀਆਂ ਮਸਜਿਦਾਂ ਵਿੱਚ ਨਮਾਜ ਉੱਤੇ ਰੋਕ ਲੱਗੀ ਰਹੀ ਸੀ। ਇਸ ਦੌਰਾਨ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਕਸ਼ਮੀਰ ਘਾਟੀ ਦੇ ਕਈ ਇਲਾਕਿਆਂ ਦਾ ਦੌਰਾ ਕਰ ਕੇ ਸਥਾਨਕ ਲੋਕਾਂ ਨਾਲ ਮੁਲਾਕਾਤ ਕਰਨ ਅਤੇ ਹਾਲ-ਚਾਲ ਜਾਣਨਲਈ ਆਪਣੀ ਸਰਗਰਮੀ ਜਾਰੀ ਰੱਖ ਰਹੇ ਹਨ।

# ਲੋਕਾਂ ਨੂੰ ਮਿਲ ਰਹੀ ਭਾਜਪਾ ਦੀ ਮਹਿਲਾ ਵਿਧਾਇਕ ਨੂੰ ਇੱਕ ਸ਼ਖਸ ਨੇ ਥੱਪੜ ਜਾ ਮਾਰਿਆ



ਅੰਬਾਲਾ, 13 ਅਗਸਤ, (ਪੋਸਟ ਬਿਊਰੋ)- ਹਰਿਆਣਾ ਵਿੱਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀ ਮਹਿਲਾ ਵਿਧਾਇਕ ਨੂੰ ਅੱਜ ਇੱਕ ਵਿਅਕਤੀ ਨੇ ਥੱਪੜ ਮਾਰ ਦਿੱਤਾ, ਜਿਸ ਨਾਲ ਇੱਕ ਦਮ ਸਨਸਨੀ ਫੈਲ ਗਈ।

ਮਿਲੀ ਜਾਣਕਾਰੀ ਮੁਤਾਬਕ ਭਾਜਪਾ ਦੀ ਮਹਿਲਾ ਵਿਧਾਇਕ ਸੰਤੋਸ਼ ਸਾਰਵਾਂ ਨੂੰ ਓਦੋਂ ਥੱਪੜ ਮਾਰਿਆ ਗਿਆ,ਜਦੋਂ ਉਹ ਅੰਬਾਲਾ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਜਨਤਕ ਜਲਸੇ ਨੂੰ ਸੰਬੋਧਿਤ ਕਰਨ ਪਿੱਛੋਂ ਆਮ ਲੋਕਾਂ ਨੂੰ ਮਿਲ ਰਹੀ ਸੀ। ਇਸ ਦੌਰਾਨ ਇੱਕ ਸ਼ਖਸ ਵਿਧਾਇਕ ਬੀਬੀਦੇ ਕੋਲ ਗਿਆ ਅਤੇ ਆਪਣੀ ਸਮੱਸਿਆ ਦੇ ਹੱਲ ਦੀ ਗੱਲ ਕਹੀ। ਮੌਕੇ ਉੱਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਅਚਾਨਕ ਉਸ ਵਿਅਕਤੀ ਨੇ ਵਿਧਾਇਕ ਬੀਬੀ ਉੱਤੇ ਹਮਲਾ ਕਰ ਦਿੱਤਾ।

ਪੁਲਿਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਮੁੱਲਾਣਾ ਵਿਧਾਨ ਸਭਾ ਖੇਤਰ ਤੋਂ ਭਾਜਪਾ ਵਿਧਾਇਕ ਸੰਤੋਸ਼ ਸਾਰਵਾਂ ਨੂੰ ਤਲਵਿੰਦਰ ਸਿੰਘ ਨਾਂਅ ਦੇ ਵਿਅਕਤੀ ਨੇ ਸਰਦੇਹੀ ਪਿੰਡ ਵਿੱਚ ਥੱਪੜ ਮਾਰ ਦਿੱਤਾ। ਪੁਲਿਸ ਨੇ ਉਸ ਆਦਮੀ ਦੇ ਮਾਨਸਿਕ ਰੂਪ ਤੋਂ ਪ੍ਰੇਸ਼ਾਨ ਹੋਣ ਦੀ ਗੱਲ ਰੱਦਨਹੀਂ ਕੀਤੀ। ਘਟਨਾ ਤੋਂਪਿੱਛੋਂ ਭਾਜਪਾ ਵਰਕਰਾਂ ਨੇ ਉਸ ਨੂੰ ਫੜ ਕੇ ਪੁਲਿਸ ਨੂੰ ਸੌਂਪ ਦਿੱਤਾ। ਮੀਡੀਆ ਰਿਪੋਰਟਾਂ ਮੁਤਾਬਕ ਘਟਨਾ ਦੀ ਸੂਚਨਾ ਮਿਲਣ ਉੱਤੇ ਦੋਸ਼ੀ ਤਲਵਿੰਦਰ ਸਿੰਘ ਦੇ ਮਾਂ-ਬਾਪ ਮੌਕੇ ਉੱਤੇਗਏ।ਦੋਸ਼ੀ ਦੇ ਸਾਬਕਾ ਫੌਜੀਪਿਤਾਨੇ ਦੱਸਿਆ ਕਿ ਉਨ੍ਹਾਂ ਦੇ ਬੇਟੇ ਤਲਵਿੰਦਰ ਸਿੰਘ ਦੀ ਮਾਨਸਿਕ ਹਾਲਤ ਠੀਕ ਨਹੀਂ। ਉਨ੍ਹਾਂ ਦੱਸਿਆ ਕਿ ਉਸਦਾ ਯਮੁਨਾਨਗਰ ਤੋਂ ਇਲਾਜ ਚੱਲਦਾ ਹੈ। ਇਸ ਬਾਰੇ ਉਨ੍ਹਾਂ ਨੇ ਡਾਕਟਰ ਦੇ ਕਾਗਜ਼ ਵੀ ਦਿਖਾਏ।ਅੰਬਾਲਾ ਜ਼ਿਲਾ ਪੁਲਿਸ ਦੇ ਮੁਖੀ ਅਭਿਸ਼ੇਕ ਜੋਰਵਾਲ ਨੇ ਦੱਸਿਆ ਕਿ ਦੋਸ਼ੀ ਦੇ ਖਿਲਾਫ਼ ਕੇਸ ਦਰਜ ਕਰ ਲਿਆ ਹੈ।

# ਭੈਣ ਨਾਲ ਗਲਤ ਸੰਬੰਧਾਂ ਕਾਰਨ ਦੋਸਤ ਨੇ ਕੀਤੀ ਸੀ ਗਗਨਦੀਪ ਦੀ ਹੱਤਿਆ

ਪੰਚਕੂਲਾ, 13 ਅਗਸਤ (ਪੋਸਟ ਬਿਊਰੋ)- ਬੀਤੇ ਐਤਵਾਰ ਨੂੰ ਪੰਚਕੂਲਾ ਵਿੱਚ ਇੱਕ ਪੰਜਾਬੀ ਐੱਨ ਆਰ ਆਈ ਦੇ ਬੇਟੇ ਗਗਨਦੀਪ ਸਿੰਘ ਬੇਦੀ ਦਾ ਕਤਲ ਦਿਨ ਦਿਹਾੜੇ ਉਸ ਦੇ ਪੁਰਾਣੇ ਦੋਸਤ ਨੇ ਕੀਤਾ ਸੀ। ਪੁਲਸ ਨੇ ਕਾਤਲ ਦੋਸਤ ਸੰਦੀਪ ਨੂੰ ਬਠਿੰਡਾ ਤੋਂ ਗ੍ਰਿਫਤਾਰ ਕਰ ਲਿਆ ਹੈ। ਕਤਲ ਦੀ ਵਜ੍ਹਾ ਸੰਦੀਪ ਦੀ ਭੈਣ ਨਾਲ ਗਗਨਦੀਪ ਦੇ ਨਾਜਾਇਜ਼ ਸੰਬੰਧ ਹੋਣਾ ਦੱਸਿਆ ਗਿਆ ਹੈ, ਪਰ ਅਗਲੀ ਜਾਂਚ ਹਾਲੇ ਚੱਲ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਸੰਦੀਪ ਦੀ ਭੈਣ ਨਾਲ ਗਗਨਦੀਪ ਦੇ ਨਾਜਾਇਜ਼ ਸੰਬੰਧ ਸਨ। ਉਹ ਕੁਝ ਦਿਨ ਪਹਿਲਾਂ ਆਪਣੇ ਮਾਮੇ ਦੀ ਲੜਕੀ ਨਾਲ ਗਗਨਦੀਪ ਨੂੰ ਜੀਰਕਪੁਰ ਦੇ ਇੱਕ ਹੋਟਲ ਵਿੱਚ ਮਿਲੀ ਸੀ। ਜਦ ਗਗਨਦੀਪ ਨੂੰ ਮਿਲ ਕੇ ਭੈਣ ਵਾਪਸ ਗਈ ਤਾਂ ਸੰਦੀਪ ਨੇ ਮਾਮੇ ਦੀ ਲੜਕੀ ਤੋਂ ਪੁੱਛਗਿੱਛ ਕੀਤੀ ਤਾਂ ਉਸ ਨੇ ਦੱਸ ਦਿੱਤਾ ਕਿ ਜੀਰਕਪੁਰ ਦੇ ਕਿਸ ਹੋਟਲ ਵਿੱਚ ਉਸ ਦੀ ਭੈਣ ਗਗਨਦੀਪ ਨੂੰ ਮਿਲੀ ਸੀ। ਸੰਦੀਪ ਨੇ ਉਸ ਹੋਟਲ ਵਿੱਚ ਸੀ ਸੀ ਟੀ ਵੀ ਫੁਟੇਜ ਚੈਕ ਕੀਤੀ ਤਾਂ ਪਤਾ ਲੱਗਾ ਕਿ ਉਸ ਦੀ ਭੈਣ ਗਗਨਦੀਪ ਨੂੰ ਮਿਲਣ ਆਈ ਸੀ। ਜਦ ਸੰਦੀਪ ਨੂੰ ਸਾਫ ਹੋ ਗਿਆ ਕਿ ਉਸ ਦੀ ਭੈਣ ਨਾਲ ਗਗਨਦੀਪ ਦੇ ਨਾਜਾਇਜ਼ ਸੰਬੰਧ ਹਨ ਤਾਂ ਸੰਦੀਪ ਨੇ ਉਸ ਨੂੰ ਮਾਰਨ ਦੀ ਯੋਜਨਾ ਬਣੀ। ਉਸ ਨੇ ਮਨੀਮਾਜਰਾ ਤੋਂ 200 ਰੁਪਏ ਵਿੱਚ ਨਾਰੀਅਲ ਕੱਟਣ ਵਾਲਾ ਚਾਕੂ ਖਰੀਦਿਆ ਅਤੇ ਗਗਨਦੀਪ ਨੂੰ ਫੋਨ ਕਰ ਕੇ ਕਿਹਾ ਕਿ ਉਹ ਉਸ ਨੂੰ ਮਿਲਣਾ ਚਾਹੁੰਦਾ ਹੈ। ਫਿਰ ਉਹ ਗਗਨਦੀਪ ਦੇ ਘਰ ਸੈਕਟਰ 26 ਵਿੱਚ ਗਿਆ, ਪਰ ਚਾਕੂ ਨੂੰ ਬੈਗ ਵਿੱਚ ਲੁਕਾ ਕੇ ਲੈ ਗਿਆ। ਫੜੇ ਜਾਣ ਦੇ ਬਾਅਦ ਸੰਦੀਪ ਨੇ ਪੁਲਸ ਨੂੰ ਦੱਸਿਆ ਕਿ ਗਗਨਦੀਪ ਨੂੰ ਉਹ ਉਸ ਦੇ ਘਰ ਵਿੱਚ ਹੀ ਮਾਰਨ ਲਈ ਗਿਆ ਸੀ, ਪਰ ਘਰ ਵਿੱਚ ਗਗਨਦੀਪ ਦੀ ਪਤਨੀ ਅਤੇ ਬੱਚੇ ਹੋਣ ਕਾਰਨ ਉਸ ਨੂੰ ਉਥੇ ਮੌਕਾ ਨਹੀਂ ਮਿਲਿਆ। ਉਸ ਨੇ ਗਗਨਦੀਪ ਨੂੰ ਕਿਹਾ ਕਿ ਉਸ ਨੂੰ ਜੀਰਕਪੁਰ ਛੱਡ ਦੇਵੇ। ਰਸਤੇ ਵਿੱਚ ਸੰਦੀਪ ਨੇ ਗਗਨਦੀਪ ਨਾਲ ਗੱਲ ਕੀਤੀ ਅਤੇ ਕਿਹਾ ਕਿ ਦੋਸਤ ਦੀ ਭੈਣ ਨਾਲ ਨਾਜਾਇਜ਼ ਸੰਬੰਧ ਬਣਾ ਕੇ ਤੂੰ ਚੰਗਾ ਨਹੀਂ ਕੀਤਾ। ਗਗਨਦੀਪ ਝੂਠ ਬੋਲਦਾ ਰਿਹਾ, ਪ੍ਰੰਤੂ ਜਦ ਉਸ ਨੂੰ ਸਬੂਤ ਦਿੱਤੇ ਤਾਂ ਗਗਨਦੀਪ ਨੇ ਮੰਨ ਲਿਆ ਕਿ ਉਸ ਤੋਂ ਗਲਤੀ ਹੋ ਗਈ ਹੈ। ਸੰਦੀਪ ਨੇ ਬਹਾਨੇ ਨਾਲ ਗਗਨਦੀਪ ਨੂੰ ਸਟੇਡੀਅਮ ਦੇ ਪਿਛਲੇ ਗੇਟ ਵੱਲ ਲੈ ਗਿਆ ਅਤੇ ਚਾਕੂ ਮਾਰ ਕੇ ਗਗਨਦੀਪ ਦੀ ਹੱਤਿਆ ਕਰ ਦਿੱਤੀ ਸੀ।

# ਰਾਹੁਲ ਗਾਂਧੀ ਵੱਲੋਂ ਵਿਰੋਧੀ ਧਿਰ ਦੇ ਆਗੂਆਂ ਨਾਲ ਕਸ਼ਮੀਰ ਦੌਰੇ ਦੀ ਮੰਗ ਗਵਰਨਰ ਨੇ ਠੁਕਰਾਈ

* ਗਵਰਨਰ ਨੇ ਰਾਹੁਲ ਨੂੰ ਇਕੱਲੇ ਆਉਣ ਨੂੰ ਕਿਹਾ ਸੀ



ਸ੍ਰੀਨਗਰ, 13 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਗਵਰਨਰ ਸੱਤਿਆਪਾਲ ਮਲਿਕ ਨੇ ਕਾਂਗਰਸ ਪਾਰਟੀ ਦੇ ਨੇਤਾ ਰਾਹੁਲ ਗਾਂਧੀ ਦੀ ਇਹ ਮੰਗ ਰੱਦ ਕਰ ਦਿੱਤੀ ਹੈ ਕਿ ਉਨ੍ਹਾਂ ਨੂੰ ਵਿਰੋਧੀ ਧਿਰ ਦੇ ਨੇਤਾਵਾਂ ਨਾਲ ਕਸ਼ਮੀਰ ਘਾਟੀ ਦਾ ਦੌਰਾ ਕਰਨ ਦੀ ਆਗਿਆ ਦਿੱਤੀ ਜਾਵੇ। ਗਵਰਨਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਵਿਰੋਧੀ ਧਿਰ ਦੇ ਨੇਤਾਵਾਂ ਦੇ ਦੌਰੇ ਨਾਲ ਸਥਾਨਕ ਲੋਕਾਂ ਨੂੰ ਹੋਰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਵੇਗਾ।

ਵਰਨਣ ਯੋਗ ਹੈ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਇੱਕ ਦਿਨ ਪਹਿਲਾਂ ਜੰਮੂ-ਕਸ਼ਮੀਰ ਦੇ ਹਾਲਤ ਬਾਰੇ ਇੱਕ ਟਿਪਣੀ ਕੀਤੀ ਤਾਂ ਇਸ ਦੇ ਜਵਾਬ ਵਿੱਚ ਗਵਰਨਰ ਸੱਤਿਆਪਾਲ ਮਲਿਕ ਨੇ ਉਨ੍ਹਾਂ ਨੂੰ ਬਿਨਾਂ ਜਾਣਨ ਤੋਂ ਟਿਪਣੀ ਕਰਨ ਦੇ ਬਜਾਏ ਜੰਮੂ-ਕਸ਼ਮੀਰ ਦਾ ਦੌਰਾ ਕਰਨ ਦਾ ਸੱਦਾ ਦਿੱਤਾ ਸੀ। ਗਵਰਨਰ ਨੇ ਇਸ ਮਕਸਦ ਲਈ ਇੱਕ ਜਹਾਜ਼ ਭੇਜਣ ਦੀ ਪੇਸ਼ਕਸ਼ ਵੀ ਕੀਤੀ ਸੀ। ਇਸ ਦੇ ਜਵਾਬ ਵਿੱਚ ਮੰਗਲਵਾਰ ਰਾਹੁਲ ਗਾਂਧੀ ਨੇ ਇੱਕ ਹੋਰ ਟਵੀਟ ਕੀਤਾ ਸੀ ਕਿ ਜਹਾਜ਼ ਦੀ ਲੋੜ ਨਹੀਂ, ਪਰ ਮੈਂ ਵਿਰੋਧੀ ਧਿਰ ਦੇ ਨੇਤਾਵਾਂ ਨਾਲ ਆਉਣਾ ਚਾਹਾਂਗਾ,ਗਵਰਨਰ ਸੱਤਿਆਪਾਲ ਮਲਿਕ ਨੂੰ ਵਿਰੋਧੀ ਦਲਾਂ ਦੇ ਨੇਤਾਵਾਂ ਨੂੰ ਘਾਟੀ ਦਾ ਦੌਰਾ ਕਰਨ ਤੇ ਲੋਕਾਂ ਨਾਲ ਗੱਲ ਕਰਨ ਦੀ ਆਗਿਆ ਦੇਣੀ ਚਾਹੀਦੀ ਹੈ। ਇਸ ਪਿੱਛੋਂਗਵਰਨਰ ਸੱਤਿਆਪਾਲ ਮਲਿਕ ਨੇ ਕਿਹਾ ਕਿ ਰਾਹੁਲ ਗਾਂਧੀ ਇਸ ਮੁੱਦੇ ਦਾ ਰਾਜਸੀਕਰਨ ਕਰ ਰਹੇ ਹਨ। ਉਨ੍ਹਾ ਨੇ ਕਿਹਾ ਕਿ ਸਥਿਤੀ ਉੱਤੇਇਹ ਪ੍ਰਤੀਕਿਰਿਆ ਰਾਹੁਲ ਗਾਂਧੀ ਸ਼ਾਇਦ ਕੋਈ ਫੇਕ-ਨਿਊਜ਼ ਦੇਖਕੇ ਦੇਂਦੇ ਹਨ। ਗਵਰਨਰ ਨੇ ਕਿਹਾ ਕਿ ਮਾਮੂਲੀ ਜਿਹੀਆਂ ਕੁਝ ਘਟਨਾਵਾਂ ਨੂੰ ਛੱਡ ਕੇਇਸ ਸਾਰੇ ਰਾਜਵਿੱਚ ਸਥਿਤੀ ਸ਼ਾਂਤੀ ਵਾਲੀ ਹੈ।

ਜੰਮੂ-ਕਸ਼ਮੀਰ ਦੇ ਜ਼ਮੀਨੀ ਹਾਲਾਤ ਦੇਖਣ ਲਈਗਵਰਨਰ ਸੱਤਿਆਪਾਲ ਮਲਿਕ ਦਾ ਸੱਦਾ ਸਵੀਕਾਰ ਕਰਦੇ ਹੋਏ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਵਿਸ਼ੇਸ਼ ਜਹਾਜ਼ ਦੀ ਲੋੜ ਨਹੀਂ, ਸਿਰਫ਼ ਜੰਮੂ-ਕਸ਼ਮੀਰ ਦੇ ਵਿੱਚ ਆਜ਼ਾਦੀ ਨਾਲ ਘੁੰਮਣ-ਫਿਰਨ ਦੀ ਮਨਜ਼ੂਰੀ ਚਾਹੀਦੀ ਹੈ। ਉਨ੍ਹਾ ਟਵੀਟ ਕਰ ਕੇ ਗਵਰਨਰ ਦੇ ਸੱਦੇ ਦਾ ਜਵਾਬ ਦਿੱਤਾ ਸੀ ਕਿ 'ਡੀਅਰਗਵਰਨਰ ਮਲਿਕ, ਜੰਮੂ-ਕਸ਼ਮੀਰ ਅਤੇ ਲੱਦਾਖ ਆਉਣ ਲਈ ਤੁਹਾਡੇ ਸੱਦੇ ਉੱਤੇ ਵਿਰੋਧੀ ਨੇਤਾਵਾਂ ਦੇ ਇਕ ਵਫ਼ਦ ਨਾਲ ਮੈਂਓਥੇ ਆਵਾਂਗਾ।'ਇਸ ਤੋਂ ਬਾਅਦ ਗਵਰਨਰ ਨੇ ਸੱਦਾ ਵਾਪਸ ਲੈ ਲਿਆ ਸੀ।

# ਮਨੁੱਖੀ ਅਧਿਕਾਰਾਂ ਦਾ ਮਾਮਲਾ: ਸੁਪਰੀਮ ਕੋਰਟ ਵੱਲੋਂ ਸੱਤ ਰਾਜਾਂ ਨੂੰ ਹੁਕਮ ਅਦੂਲੀ ਕਰਨ ਬਦਲੇ ਭਾਰੀ ਜੁਰਮਾਨਾ

ਨਵੀਂ ਦਿੱਲੀ, 13 ਅਗਸਤ, (ਪੋਸਟ ਬਿਊਰੋ)- ਭਾਰਤ ਦੀਸੁਪਰੀਮ ਕੋਰਟ ਨੇ ਮਨੁੱਖੀ ਅਧਿਕਾਰ ਕੋਰਟ ਬਣਾਉਣ ਬਾਰੇ ਕੋਈ ਜਵਾਬ ਪੇਸ਼ ਕਰਨ ਤੋਂ ਨਾਕਾਮ ਰਹੇ ਸੱਤ ਰਾਜਾਂ ਨੂੰਭਾਰੀ ਜੁਰਮਾਨਾ ਲਾਇਆ ਹੈ।

ਇਸ ਸੰਬੰਧ ਵਿੱਚ ਮਿਲੀ ਜਾਣਕਾਰੀ ਅਨੁਸਾਰ ਰਾਜਸਥਾਨ ਤੇ ਉੱਤਰਾਖੰਡ ਦੋਵਾਂ ਰਾਜਾਂ ਨੂੰ ਇਕ-ਇਕ ਲੱਖ ਰੁਪਏ ਅਤੇ ਤੇਲੰਗਾਨਾ, ਉੱਤਰ ਪ੍ਰਦੇਸ਼, ਓਡੀਸ਼ਾ, ਮੇਘਾਲਿਆ ਅਤੇ ਮਿਜ਼ੋਰਮਨੂੰ 50-50 ਹਜ਼ਾਰ ਰੁਪਏ ਦਾ ਜੁਰਮਾਨਾ ਲਾਇਆ ਗਿਆ ਹੈ। ਅਦਾਲਤ ਨੇ ਕਿਹਾ ਕਿ ਰਾਜਸਥਾਨ ਤੇ ਉੱਤਰਾਖੰਡ ਨੇ ਨਾ ਆਪਣਾ ਜਵਾਬ ਪੇਸ਼ ਕੀਤਾ ਤੇ ਨਾ ਉਨ੍ਹਾਂ ਵੱਲੋਂ ਕੋਈ ਵਕੀਲ ਸੁਣਵਾਈ ਲਈ ਹਾਜ਼ਰ ਹੋਏ ਹਨ। ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਬੀਆਰ ਗਵਈ ਦੇ ਬੈਂਚ ਨੂੰ ਦੱਸਿਆ ਗਿਆ ਹੈ ਕਿ ਇਨ੍ਹਾਂ ਰਾਜਾਂ ਨੇ ਆਪਣਾ ਜਵਾਬ ਵੀਪੇਸ਼ ਨਹੀਂਕੀਤਾ। ਅਦਾਲਤ ਨੇ ਕਿਹਾ ਕਿ ਇਹ ਸਾਰੇ ਰਾਜ ਚਾਰ ਹਫ਼ਤੇ ਵਿੱਚਆਪੋ-ਆਪਣਾ ਜਵਾਬ ਅਜੇ ਵੀ ਪੇਸ਼ ਕਰ ਸਕਦੇ ਹਨ।

ਵਰਨਣ ਯੋਗ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ, ਸੁਪਰੀਮ ਕੋਰਟ ਨੇ ਚਾਰ ਜਨਵਰੀ 2018 ਨੂੰ ਸਾਰੇ ਰਾਜਾਂ ਨੂੰ ਮਨੁੱਖੀ ਅਧਿਕਾਰ ਕੋਰਟਾਂ ਬਣਾਉਣ ਬਾਰੇ ਆਪਣਾ ਜਵਾਬ ਪੇਸ਼ ਕਰਨਲਈ ਕਿਹਾ ਸੀ। ਮਨੁੱਖੀ ਅਧਿਕਾਰਾਂ ਦੀ ਰਾਖੀ ਬਾਰੇ ਐਕਟ 1993 ਮੁਤਾਬਕ ਇਹ ਅਦਾਲਤਾਂ ਬਣਾਏ ਜਾਣਾ ਜ਼ਰੂਰੀ ਹੈ। ਸੁਪਰੀਮ ਕੋਰਟ ਨੇ ਰਾਜਾਂਨੂੰ ਵਿਸ਼ੇਸ਼ ਸਰਕਾਰੀ ਵਕੀਲ ਨਿਯੁਕਤ ਕਰਨ ਲਈ ਵੀ ਕਿਹਾ ਸੀ। ਅੱਜ ਮੰਗਲਵਾਰ ਦੀ ਸੁਣਵਾਈ ਦੌਰਾਨ ਅਦਾਲਤ ਨੂੰ ਦੱਸਿਆ ਗਿਆ ਕਿ ਦੋ ਮੁੱਦੇ, ਸਾਰੇ ਰਾਜਾਂ ਵਿੱਚ ਮਨੁੱਖੀ ਅਧਿਕਾਰ ਕੋਰਟ ਬਣਾਉਣ ਤੇ ਵਿਸ਼ੇਸ਼ ਸਰਕਾਰੀ ਵਕੀਲ ਦੀ ਨਿਯੁਕਤ ਕੀਤੇ ਜਾਣ ਬਾਰੇ ਪੇਸ਼ ਹਨ। ਅਦਾਲਤ ਨੇ ਦੇਖਿਆ ਕਿ ਸੁਪਰੀਮ ਕੋਰਟ ਨੇ 25 ਜੁਲਾਈ ਨੂੰ ਹੋਰ ਕੇਸਾਂ ਦੀ ਸੁਣਵਾਈ ਵੇਲੇ ਹਰ ਜ਼ਿਲ੍ਹੇ ਵਿੱਚ ਕੇਂਦਰੀ ਫੰਡਿੰਗ ਨਾਲ ਕੋਰਟਾਂ ਬਣਾਉਣ ਦਾ ਹੁਕਮ ਦਿੱਤਾ ਸੀ। ਅਜਿਹੀਆਂ ਅਦਾਲਤਾਂ ਉਨ੍ਹਾਂ ਜ਼ਿਲ੍ਹਿਆਂ ਵਿੱਚ, ਜਿੱਥੇ ਸੈਕਸ ਅਪਰਾਧ ਤੋਂਲੈ ਕੇ ਬੱਚਿਆਂ ਦੇ ਪੋਕਸੋ ਐਕਟ ਦੇ 100 ਤੋਂ ਵੱਧ ਕੇਸ ਹਨ ਅਤੇ ਵਿਸ਼ੇਸ਼ ਤੌਰ ਉੱਤੇ ਬੱਚਿਆਂ ਨਾਲ ਸੈਕਸ ਅਪਰਾਧ ਦੇ ਕੇਸ ਹਨ, ਉਨ੍ਹਾਂ ਦੇ ਨਿਪਟਾਰੇ ਲਈ ਕੋਰਟਾਂ ਬਣਾਉਣ ਨੂੰ ਕਿਹਾ ਸੀ। 25 ਜੁਲਾਈ ਦੇ ਨਿਰਦੇਸ਼ ਦਾ ਜ਼ਿਕਰ ਕਰਦਿਆਂ ਅਦਾਲਤ ਨੇ ਕਿਹਾ ਕਿ ਵਿਸ਼ੇਸ਼ ਸਰਕਾਰੀ ਵਕੀਲ ਦੀ ਨਿਯੁਕਤੀ ਬਾਰੇ ਨਵੇਂ ਹੁਕਮ ਦੀ ਲੋੜਨਹੀਂ।





Paramjit Deol Broker CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

MISSISSAUGA $975 — Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000 — Photo Not Available — 27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000 — 23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000 — 1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000 — Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000 — Photo Not Available — 1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000 — Photo Not Available — 77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000 — 17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900 — 7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000 — Photo Not Available — 10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000 — Photo Not Available — 470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000 — 23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000 — 5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000 — 693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000 — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000 — 32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

# ਪੇਟੈਂਟ ਮੈਡੀਸੀਨ ਰੈਗੂਲੇਸ਼ਨਾਂ ਵਿਚ ਤਬਦੀਲੀਆਂ ਦਾ ਐਲਾਨ ਕਰਕੇ ਲਿਬਰਲ ਸਰਕਾਰ ਨੇ ਨੈਸ਼ਨਲ ਫ਼ਾਰਮਾਕੇਅਰ ਪ੍ਰੋਗਰਾਮ ਦੀ ਨੀਂਹ ਰੱਖੀ : ਰੂਬੀ ਸਹੋਤਾ



ਬਰੈਂਪਟਨ, -ਬਰੈਂਪਟਨ ਨੌਰਥ ਦੀ ਪਾਰਲੀਮੈਂਟ ਮੈਂਬਰ ਰੂਬੀ ਸਹੋਤਾ ਫ਼ੈਡਰਲ ਲਿਬਰਲ ਸਰਕਾਰ ਵੱਲੋਂ ਪੇਟੈਂਟ ਦਵਾਈਆਂ ਦੇ ਰੈਗੂਲੇਸ਼ਨਾਂ ਵਿਚ ਤਬਦੀਲੀਆਂ ਦਾ ਐਲਾਨ ਕਰਨ 'ਤੇ ਫ਼ਖ਼ਰ ਮਹਿਸੂਸ ਕਰ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦੇ ਨਾਲ ਕੈਨੇਡਾ ਵਿਚ ਨੈਸ਼ਨਲ ਫ਼ਾਰਮਾਕੇਅਰ ਪ੍ਰੋਗਰਾਮ ਦੀ ਨੀਂਹ ਰੱਖੀ ਗਈ ਹੈ। 1987 ਵਿਚ ਲਾਗੂ ਹੋਏ ਇਸ ਰੈਗੂਲੇਸ਼ਨ ਦੇ ਸੁਧਾਰ ਨਾਲ ਪੇਟੈਂਟਿਡ ਮੈਡੀਸੀਨ ਪ੍ਰਾਈਸ ਰੀਵਿਊ ਬੋਰਡ (ਪੀਐੱਮਪੀਆਰਬੀ) ਨੂੰ ਕਈ ਅਹਿਮ ਨੁਕਤੇ ਮਿਲਣਗੇ ਜਿਨ੍ਹਾਂ ਨਾਲ ਉਹ ਪੇਟੈਂਟ ਦਵਾਈਆਂ ਦੀਆਂ ਕੀਮਤਾਂ ਨੂੰ ਕੰਟਰੋਲ ਕਰ ਸਕੇਗਾ ਅਤੇ ਇਹ ਦਵਾਈਆਂ ਕੈਨੇਡਾ-ਵਾਸੀਆਂ ਦੀ ਪਹੁੰਚ ਵਿਚ ਆ ਜਾਣਗੀਆਂ। ਅੱਜ ਲੱਖਾਂ ਹੀ ਕੈਨੇਡੀਅਨ ਅਤੇ ਬਰੈਂਪਟਨ-ਵਾਸੀ ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ, ਕਈ ਜਨ-ਲੇਵਾ ਬੀਮਾਰੀਆਂ ਤੋਂ ਬਚਣ ਲਈ ਅਤੇ ਹੋਰ ਬਹੁਤ ਸਾਰੀਆਂ ਬੀਮਾਰੀਆਂ ਦੇ ਇਲਾਜ ਲਈ ਡਾਕਟਰਾਂ ਵੱਲੋਂ ਸੁਝਾਈਆਂ ਗਈਆਂ ਦਵਾਈਆਂ ਦੀ ਵਰਤੋਂ ਕਰਦੇ ਹਨ ਅਤੇ ਉਨ੍ਹਾਂ ਨੂੰ ਇਨ੍ਹਾਂ ਦੇ ਲਈ ਸਾਰੀ ਦੁਨੀਆਂ ਦੇ ਦੇਸ਼ਾਂ ਨਾਲੋਂ ਵਧੇਰੇ ਕੀਮਤ ਅਦਾ ਕਰਨੀ ਪੈਂਦੀ ਹੈ। ਪਿਛਲੇ ਸਾਲ ਦੇ ਅੰਕੜਿਆਂ ਅਨੁਸਾਰ ਇਕ ਮਿਲੀਅਨ ਤੋਂ ਵਧੇਰੇ ਕੈਨੇਡਾ-ਵਾਸੀਆਂ ਨੂੰ ਇਨ੍ਹਾਂ ਜ਼ਰੂਰੀ ਦਵਾਈਆਂ ਦੇ ਲਈ ਆਪਣੇ ਖਾਣੇ ਅਤੇ ਸਰਦੀਆਂ ਵਿਚ ਹੀਟਰਾਂ ਦੀ ਵਰਤੋਂ ਨੂੰ ਸੀਮਤ ਕਰਨਾ ਪਿਆ। ਏਸੇ ਲਈ ਕੈਨੇਡਾ ਦੀ ਫ਼ੈਡਰਲ ਸਰਕਾਰ ਸਾਰੇ ਕੈਨੇਡੀਅਨਾਂ ਲਈ ਅਜਿਹੀਆਂ ਮਹਿੰਗੀਆਂ ਦਵਾਈਆਂ ਦੀਆਂ ਕੀਮਤਾਂ ਨੂੰ ਘਟਾਉਣ ਦੀ ਆਪਣੀ ਵਚਨਬੱਧਤਾ ਨੂੰ ਪੂਰਿਆਂ ਕਰਦਿਆਂ ਹੋਇਆਂ ਲੋੜੀਂਦੇ ਕਦਮ ਉਠਾ ਰਹੀ ਹੈ।

ਇਸ ਦੇ ਲਈ ਪਹਿਲੇ ਕਦਮ ਵਜੋਂ ਰੈਗੂਲੇਸ਼ਨਾਂ ਵਿਚ ਕੀਤੀਆਂ ਗਈਆਂ ਇਹ ਤਬਦੀਲੀਆਂ ਉਨ੍ਹਾਂ ਦੇਸ਼ਾਂ ਦੇ ਸਮੂਹ ਨੂੰ ਬਦਲਣਗੀਆਂ ਜਿਨ੍ਹਾਂ ਦੇ ਨਾਲ ਇਨ੍ਹਾਂ ਦਵਾਈ ਦੀ ਕੀਮਤ ਫਿਕਸ ਕਰਨ ਸਮੇਂ ਮੁਕਾਬਲਾ ਕੀਤਾ ਜਾਂਦਾ ਹੈ ਅਤੇ ਅੱਗੋਂ ਭਵਿੱਖ ਵਿਚ ਆਬਾਦੀ, ਅਰਥਚਾਰੇ ਅਤੇ ਹੈੱਲਥਕੇਅਰ ਵਰਗੇ ਸੂਚਕਾਂ ਨੂੰ ਲੈ ਕੇ ਇਹ ਮੁਕਾਬਲਾ ਉਨ੍ਹਾਂ ਦੇਸ਼ਾਂ ਨਾਲ ਕੀਤਾ ਜਾਏਗਾ ਜੋ ਕੈਨੇਡਾ ਨਾਲ ਸਮਾਨਤਾ ਰੱਖਦੇ ਹੋਣ। ਦੂਸਰਾ, ਇਹ ਤਬਦੀਲੀਆਂ ਪੇਟੈਂਟਿਡ ਮੈਡੀਸੀਨ ਪ੍ਰਾਈਸ ਰੀਵਿਊ ਬੋਰਡ (ਪੀਐੱਮਪੀਆਰਬੀ) ਲਈ ਕੈਨੇਡਾ ਵਿਚ ਇਨ੍ਹਾਂ ਦਵਾਈਆਂ ਦੀ ਅਸਲੀ ਮਾਰਕੀਟ ਪ੍ਰਾਈਸ ਮੁਹੱਈਆ ਕਰਵਾਉਣਗੀਆਂ ਅਤੇ ਦਵਾਈਆਂ ਦੀਆਂ ਕੰਪਨੀਆਂ ਵੱਲੋਂ ਵਧਾਈ ਜਾਣ ਵਾਲੀ 'ਸਟਿੱਕਰ-ਪ੍ਰਾਈਸ' ਨਹੀਂ। ਇਸ ਦੇ ਬਾਰੇ ਤੀਸਰੇ ਤੇ ਆਖ਼ਰੀ ਕਦਮ ਵਜੋਂ ਇਹ ਤਬਦੀਲੀਆਂ ਪੇਟੈਂਟਿਡ ਮੈਡੀਸੀਨ ਪ੍ਰਾਈਸ ਰੀਵਿਊ ਬੋਰਡ ਲਈ ਯਕੀਨੀ ਬਣਾਉਣਗੀਆਂ ਕਿ ਦਵਾਈ ਦੀ ਕੀਮਤ ਰੋਗੀ ਦੀ ਜ਼ਿੰਦਗੀ ਲਈ ਵਾਜਬ ਹੋਵੇ। ਸਰਕਾਰ ਵੱਲੋਂ ਲਏ ਜਾ ਰਹੇ ਉਪਰੋਕਤ ਕਦਮ ਜੋ ਫ਼ੈਡਰਲ ਸਰਕਾਰ ਉਠਾ ਰਹੀ ਹੈ, ਕੈਨੇਡਾ ਦੀ ਨੈਸ਼ਨਲ ਫ਼ਾਰਮਾਕੇਅਰ ਪਾਲਿਸੀ ਲਈ ਨੀਂਹ-ਪੱਥਰ ਸਾਬਤ ਹੋਣਗੇ। ਇਸ ਦੇ ਨਾਲ ਸਾਰੇ ਕੈਨੇਡਾ-ਵਾਸੀ ਆਪਣੀ ਲੋੜ ਅਨੁਸਾਰ ਦਵਾਈਆਂ ਵਾਜਬ ਕੀਮਤਾਂ 'ਤੇ ਪ੍ਰਾਪਤ ਕਰ ਸਕਣਗੇ।

ਇਸ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਰੂਬੀ ਸਹੋਤਾ ਨੇ ਕਿਹਾ,"ਜਦੋਂ ਮੈਂ ਬਰੈਂਪਟਨ-ਵਾਸੀਆਂ ਅਤੇ ਖ਼ਾਸ ਕਰਕੇ ਉਮਰ ਦੇ ਆਖ਼ਰੀ ਪੜਾਅ ਵੱਲ ਵੱਧ ਰਹੇ ਆਪਣੇ ਸਤਿਕਾਰਯੋਗ ਸੀਨੀਅਰਾਂ ਨਾਲ ਗੱਲ ਕਰਦੀ ਹਾਂ ਤਾਂ ਫ਼ੈਡਰਲ ਸਰਕਾਰ ਵੱਲੋਂ ਨੈਸ਼ਨਲ ਫ਼ਾਰਮਾਕੇਅਰ ਪ੍ਰੋਗਰਾਮ ਨੂੰ ਸ਼ੁਰੂ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਦੀ ਅਹਿਮੀਅਤ ਸਾਹਮਣੇ ਆਉਂਦੀ ਹੈ। ਡਾਕਟਰਾਂ ਵੱਲੋਂ ਦਰਸਾਈਆਂ ਗਈਆਂ ਦਵਾਈਆਂ ਦੀਆਂ ਕੀਮਤਾਂ ਨੂੰ ਘਟਾਉਣ ਲਈ ਸਰਕਾਰ ਦਾ ਇਹ ਸੱਭ ਤੋਂ ਵੱਡਾ ਕਦਮ ਹੈ ਅਤੇ ਇਸ ਤਰ੍ਹਾਂ ਇਹ ਦਵਾਈਆਂ ਕੈਨੇਡਾ-ਵਾਸੀਆਂ ਦੀ ਪਹੁੰਚ ਵਿਚ ਆ ਜਾਣਗੀਆਂ। ਫ਼ੈਡਰਲ ਸਰਕਾਰ ਵੱਲੋਂ ਚੁੱਕਿਆ ਗਿਆ ਇਹ ਅਹਿਮ ਕਦਮ ਦੇਸ਼ ਵਿਚ ਨੈਸ਼ਨਲ ਫ਼ਾਰਮਾਕੇਅਰ ਪ੍ਰੋਗਰਾਮ ਦੀ ਨੀਂਹ ਰੱਖੇਗਾ।"

# ਮਹਾਤਮਾ ਗਾਂਧੀ ਸੈਂਟਰ ਵਿਖੇ ਭਾਰਤੀਆਂ ਮਨਾਇਆ 73ਵਾਂ ਆਜ਼ਾਦੀ ਦਿਵਸ

## ਕੁੜੀਆਂ ਦੇ ਗਿੱਧੇ ਨੇ ਪਾਈ ਧਮਾਲ



ਔਕਲੈਂਡ 11 ਅਗਸਤ (ਹਰਜਿੰਦਰ ਸਿੰਘ ਬਸਿਆਲਾ)-ਬੀਤੇ ਕੱਲ੍ਹ ਮਹਾਤਮੀ ਗਾਂਧੀ ਸੈਂਟਰ ਔਕਲੈਂਡ ਵਿਖੇ ਭਾਰਤ ਦਾ 73ਵਾਂ ਆਜ਼ਾਦੀ ਦਿਵਸ ਇਥੇ ਵਸਦੇ ਭਾਰਤੀ ਭਾਈਚਾਰੇ, ਭਾਰਤੀ ਸਮਾਜ ਅਤੇ ਔਕਲੈਂਡ ਇੰਡੀਅਨ ਐਸੋਸੀਏਸ਼ਨ ਵੱਲੋਂ ਮਨਾਇਆ ਗਿਆ। ਦੇਸ਼ ਭਗਤੀ ਦੇ ਗੀਤ ਨਾਲ ਸ਼ੁਰੂ ਹੋਇਆ ਇਹ ਸਮਾਰੋਹ ਗਿੱਧੇ ਅਤੇ ਭੰਗੜੇ ਦੀ ਧਮਕ ਨਾਲ ਸੰਗੀਤਕ ਮਾਹੌਲ ਸਿਰ-ਜਦਾ ਸੰਪੂਰਨ ਹੋਇਆ। ਝੰਡਾ ਝੁਲਾਉਣ ਦੀ ਰਸਮ ਮਾਣਯੋਗ ਭਾਰਤ ਦੇ ਹਾਈ ਕਮਿਸ਼ਨਰ ਸ੍ਰੀ ਮੁਕਤੇਸ਼ ਕੁਮਾਰ ਪ੍ਰਦੇਸੀ ਨੇ ਨਿਭਾਈ। ਇਸ ਮੌਕੇ ਆਨਰੇਰੀ ਕੌਂਸਿਲ ਔਕਲੈਂਡ ਸ. ਭਵਦੀਪ ਸਿੰਘ ਢਿੱਲੋਂ, ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ, ਸਾਂਸਦ ਡਾ. ਪਰਮਜੀਤ ਕੌਰ, ਨੈਸ਼ਨਲ ਪਾਰਟੀ ਦੇ ਸਰਗਰਮ ਮੈਂਬਰ ਸੰਨੀ ਕੌਸ਼ਿਲ ਸਮੇਤ ਹੋਰ ਵੀ ਕਈ ਪਤਵੰਤੇ ਸੱਜਣ ਹਾਜ਼ਿਰ ਸਨ। ਦੋ ਘੰਟੇ ਚੱਲੇ ਇਸ ਪ੍ਰੋਗਰਾਮ ਦੇ ਵਿਚ ਭਾਰਤ ਦੇ ਵੱਖ-ਵੱਖ ਰਾਜਾਂ ਨਾਲ ਸਬੰਧਿਤ ਨਾਚ, ਦੇਸ਼ ਭਗਤੀ ਦੇ ਗੀਤ ਅਤੇ ਹੋਰ ਨ੍ਰਿਤ ਪੇਸ਼ ਕੀਤੇ ਗਏ। ਗੁਜਰਾਤੀ, ਤੇਲੰਗਾਨਾ, ਕੱਥਕ, ਮਰਾਠੀ ਦੇ ਨਾਲ-ਨਾਲ ਰੇਡੀਓ ਸਪਾਈਸ ਦੀ 'ਰੌਣਕ ਤ੍ਰਿੰਝਣਾ ਦੀ' ਗਿੱਧਾ ਟੀਮ ਨੇ ਪੂਰਾ ਸਮਾਗਮ ਆਪਣੇ ਨਾਂਅ ਕਰ ਲਿਆ। ਪ੍ਰੋਗਰਾਮ ਦੀ ਸੰਚਾਲਕਾ ਰੂਪਾ ਸੱਚਦੇਵ ਨੇ ਇਸ ਮੌਕੇ ਕਿਹਾ ਕਿ ਭਾਰਤ ਦਾ ਕੋਈ ਵੀ ਰੰਗਾ-ਰੰਗ ਪ੍ਰੋਗਰਾਮ ਪੰਜਾਬੀਆਂ ਦੇ ਸਭਿਆਚਾਰ ਤੋਂ ਬਿਨਾਂ ਅਧੂਰਾ ਹੈ। 'ਰੌਣਕ ਤ੍ਰਿੰਝਣਾ ਦੀ' ਟੀਮ ਦੀ ਬਾਰੇ ਨਰਿੰ-ਦਰ ਬੀਰ ਸਿੰਘ ਨੇ ਜਾਣਕਾਰੀ ਦਿੱਤੀ ਜਦ ਕਿ ਰੂਪ ਨਭੈਤ, ਕਰਮਜੀਤ ਦਿਓਲ, ਪਰਵਿੰਦਰ ਕੌਰ ਭੁੱਲਰ, ਮਨਜੋਤ ਕੌਰ, ਪ੍ਰਭਜੋਤ ਕੌਰ ਢਿੱਲੋਂ ਅਤੇ ਕੋਮਲਪ੍ਰੀਤ ਨੇ 8 ਮਿੰਟ ਦੀ ਲਗਾਤਾਰ ਪਰਫਾਰਮੈਂਸ ਕਰਕੇ ਇਕ ਤਰ੍ਹਾਂ ਨਾਲ ਸਟੇਜ ਹਿਲਾ ਦਿੱਤੀ। ਵਿਰਸਾ ਅਕੈਡਮੀ ਦੇ ਬੱਚਿਆਂ ਦੀ ਟੀਮ ਨੇ ਅਖੀਰ ਦੇ ਵਿਚ ਭੰਗੜੇ ਦੀ ਕਲਾਕਾਰੀ ਵਿਖਾ ਕੇ ਪੂਰੇ ਮਾਹੌਲ ਨੂੰ ਸਿਰੇ ਉਤੇ ਪਹੁੰਚਾ ਦਿੱਤਾ। ਇਸ ਮੌਕੇ ਖਾਣ-ਪੀਣ ਦਾ ਪ੍ਰਬੰਧ ਵੀ ਕੀਤਾ ਗਿਆ ਸੀ।

# ਇਕ ਸ਼ਾਮ 'ਪਾਤਰ' ਦੇ ਨਾਮ, 17 ਅਗਸਤ ਨੂੰ 'ਰੋਜ਼ ਥੀਏਟਰ' ਵਿਚ




ਬਰੈਂਪਟਨ, (ਡਾ. ਝੰਡ) – ਪੰਜਾਬੀ ਮਾਂ-ਬੋਲੀ ਨਾਲ ਮੋਹ ਰੱਖਣ ਵਾਲਿਆਂ ਅਤੇ ਸੰਗੀਤ-ਪ੍ਰੇਮੀਆਂ ਲਈ ਇਕ ਵੱਖਰੀ ਕਿਸਮ ਦਾ ਸਾਹਿਤਕ ਅਤੇ ਮਨੋਰੰਜਕ ਪ੍ਰੋਗਰਾਮ 17 ਅਗੱਸਤ ਦਿਨ ਸ਼ਨੀਵਾਰ ਨੂੰ ਸ਼ਾਮ ਦੇ ਪੰਜ ਵਜੇ ਬਰੈਂਪਟਨ ਦੇ 'ਰੋਜ਼ ਥੀਏਟਰ' ਵਿਚ ਪੇਸ਼ ਕੀਤਾ ਜਾ ਰਿਹਾ ਹੈ ਜਿਸ ਵਿਚ ਪੰਜਾਬੀ ਦੇ ਸਿਰਮੌਰ ਕਵੀ ਸੁਰਜੀਤ ਪਾਤਰ ਆਪਣੀਆਂ ਕਾਵਿ-ਰਚਨਾਵਾਂ ਆਪਣੀ ਸੁਰੀਲੀ ਆਵਾਜ਼ ਵਿਚ ਸਰੋਤਿਆਂ ਨਾਲ ਸਾਂਝੀਆਂ ਕਰਨਗੇ। ਇਸ ਸਾਹਿਤਕ ਤੇ ਸੰਗੀਤਕ ਪ੍ਰੋਗਰਾਮ ਵਿਚ ਪ੍ਰਸਿੱਧ ਲੇਖਕ ਡਾ. ਵਰਿਆਮ ਸਿੰਘ ਸੰਧੂ ਸੁਰਜੀਤ ਪਾਤਰ ਨੂੰ ਆਪਣੇ ਹੀ ਅੰਦਾਜ਼ ਵਿਚ ਸਰੋਤਿਆਂ ਸਾਹਮਣੇ ਪੇਸ਼ ਕਰਨਗੇ। ਇਸ ਸਮਾਗਮ ਦੌਰਾਨ ਉੱਘੇ-ਗਾਇਕ ਪ੍ਰੋ. ਉਪਕਾਰ ਸਿੰਘ, ਮੋਹਸਿਨ ਸ਼ੌਕਤ ਅਲੀ ਅਤੇ ਮਨਰਾਜ ਪਾਤਰ ਉਨ੍ਹਾਂ ਦੀਆਂ ਰਚਨਾਵਾਂ ਦਾ ਗਾਇਨ ਕਰਨਗੇ। ਇੱਥੇ ਪਾਠਕਾਂ ਨੂੰ ਇਹ ਵੀ ਦੱਸਣਾ ਬਣਦਾ ਹੈ ਕਿ ਸੁਰਜੀਤ ਪਾਤਰ ਤੇ ਮਨਰਾਜ ਪਾਤਰ ਦੋਵੇਂ ਟੋਰਾਂਟੋ ਪਹੁੰਚ ਚੁੱਕੇ ਹਨ ਅਤੇ ਗਾਇਕ ਉਪਕਾਰ ਸਿੰਘ ਤੇ ਮੋਹਸਿਨ ਸ਼ੌਕਤ ਅਲੀ ਤਾਂ ਪਹਿਲਾਂ ਹੀ ਇੱਥੇ ਬਰੈਂਪਟਨ ਸਾਡੇ ਕੋਲ ਹਨ। 'ਪ੍ਰਾਈਮ ਏਸ਼ੀਆ ਟੀ.ਵੀ.' ਅਤੇ 'ਸੀਰਤ ਐਂਟਰਟੇਨਮੈਂਟ' ਦੇ ਸਾਂਝੇ ਉਪਰਾਲੇ ਨਾਲ ਪੇਸ਼ ਕੀਤਾ ਜਾ ਰਿਹਾ ਇਹ ਸੰਗੀਤਮਈ-ਪ੍ਰੋਗਰਾਮ ਆਪਣੀ ਹੀ ਕਿਸਮ ਦਾ ਵਿਲੱਖਣ ਪ੍ਰੋਗਰਾਮ ਹੋਵੇਗਾ ਜਿਸ ਵਿਚ ਸਾਹਿਤਕ ਅਤੇ ਮਨੋਰੰਜਨ ਦੋਹਾਂ ਕਿਸਮਾਂ ਦੇ ਵੱਖੋ-ਵੱਖਰੇ ਰੰਗ ਮੌਜੂਦ ਹੋਣਗੇ। ਉਮੀਦ ਕੀਤੀ ਜਾਂਦੀ ਹੈ ਕਿ ਪੰਜਾਬੀ-ਸਰੋਤਿਆਂ ਨੂੰ ਇਹ ਰੰਗ ਜ਼ਰੂਰ ਪਸੰਦ ਆਉਣਗੇ।

ਇਸ ਮਿਆਰੀ ਪ੍ਰੋਗਰਾਮ ਦਾ ਆਨੰਦ ਮਾਣਨ ਲਈ ਟਿਕਟ ਪ੍ਰਾਪਤ ਕਰਨ ਲਈ ਸੁਪਨ ਸੰਧੂ ਦੇ ਫ਼ੋਨ ਨੰਬਰ +1 (647)-620-6280 'ਤੇ ਸੰਪਰਕ ਕਰੋ, ਜੀ।

# ਗੁਰਦੁਆਰਾ ਦੁੱਖ ਨਿਵਾਰਣ ਸਾਹਿਬ ਪਾਪਾਕੁਰਾ ਵਿਖੇ ਸਾਂਸਦ ਮਾਈਕਲ ਵੁੱਡ ਅਤੇ ਲੋਕਲ ਬੋਰਡ ਦੇ ਭਾਰਤੀ ਉਮੀਦਵਾਰ ਪਹੁੰਚੇ

## ਫ੍ਰੈਕਲਿਨ ਹਲਕੇ ਤੋਂ ਬਲਜੀਤ ਕੌਰ, ਪਾਪਾਕੁਰਾ ਤੋਂ ਭੁਪਿੰਦਰ ਸਿੰਘ ਪਾਬਲਾ ਤੇ ਬੌਟਨੀ ਹਲਕੇ ਤੋਂ ਸ. ਖੜਗ ਸਿੰਘ ਪਹੁੰਚੇ



ਔਕਲੈਂਡ 11 ਅਗਸਤ (ਹਰਜਿੰਦਰ ਸਿੰਘ ਬਸਿਆਲਾ)- ਹਲਕਾ ਮਾਊਂਟ ਰੌਸਕਿਲ ਤੋਂ ਦਸੰਬਰ 2016 ਦੇ ਵਿਚ ਹੋਈ ਜ਼ਿਮਨੀ ਚੋਣ 'ਚ ਦੋ ਭਾਰਤੀ ਉਮੀਦਵਾਰਾਂ (ਡਾ. ਪਰਮਜੀਤ ਪਰਮਾਰ ਅਤੇ ਸ੍ਰੀ ਰੌਸ਼ਨ ਨੋਹਰੀਆ) ਨੂੰ ਹਰਾ ਕੇ ਪਾਰਲੀਮੈਂਟ ਪਹੁੰਚੇ ਸਾਂਸਦ ਸ੍ਰੀ ਮਾਈਕਲ ਫਿਲਿਪ ਵੁੱਡ ਅੱਜ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਾਪਾਕੁਰਾ ਵਿਖੇ ਲੋਕਲ ਬੋਰਡ ਦੇ ਭਾਰਤੀ ਉਮੀਦਵਾਰਾਂ ਦੇ ਹੱਕ ਵਿਚ ਪ੍ਰਚਾਰ ਕਰਨ ਪਹੁੰਚੇ। ਅਕਤੂਬਰ ਮਹੀਨੇ ਸਿਟੀ ਕੌਂਸਿਲ ਅਤੇ ਵੱਖ-ਵੱਖ ਹੋਰ ਥਾਵਾਂ ਦੇ ਲੋਕਲ ਬੋਰਡ ਮੈਂਬਰਾਂ ਦੀਆਂ ਚੋਣਾਂ ਹੋ ਰਹੀਆਂ ਹਨ। ਇਸ ਵਾਰ ਅੱਧੀ ਦਰਜਨ ਤੋਂ ਵੱਧ ਭਾਰਤੀ ਉਮੀਦਵਾਰ ਵੱਖ-ਵੱਖ ਹਲਕਿਆਂ ਤੋਂ ਆਪਣੀ ਕਿਸਮਤ ਅਜਮਾਈ ਕਰ ਰਹੇ ਹਨ। ਅੱਜ ਮਾਈਕਲ ਵੁੱਡ ਦੇ ਨਾਲ ਹਲਕਾ ਫ੍ਰੈਂਕਲਨ ਹਲਕੇ ਤੋਂ ਉਮੀਦਵਾਰ ਬੀਬੀ ਬਲਜੀਤ ਕੌਰ ਪੰਨੂ, ਪਾਪਾਕੁਰਾ ਤੋਂ ਸ. ਭੁਪਿੰਦਰ ਸਿੰਘ ਪਾਬਲਾ, ਬੌਟਨੀ ਤੋਂ ਸ. ਖੜਗ ਸਿੰਘ ਅਤੇ ਸੋਫੀ ਪੈਰਿਸ਼ ਪੀ.ਏ (ਅਨਾਹੀਲਾ ਕਾਨੋਂਨਗਾਟਾ ਪਾਪਾਕੁਰਾ ਲਿਸਟ ਐਮ.ਪੀ.) ਪਹੁੰਚੇ ਹੋਏ ਸਨ। ਮਾਈਕਲ ਵੁੱਡ ਨੇ ਗੁਰਦੁਆਰਾ ਪ੍ਰਬੰਧਕਾਂ ਅਤੇ ਹੋਰ ਕਮਿਊਨਿਟੀ ਮੈਂਬਰਾਂ ਦੇ ਨਾਲ ਸਭਿਆਚਾਰਕ ਕਦਰਾਂ ਕੀਮਤਾਂ, ਨਸਲਵਾਦ ਉਤੇ ਸਰਕਾਰ ਦੀ ਨਿਰਪੱਖ ਨੀਤੀ ਅਤੇ ਇਮੀਗ੍ਰੇਸ਼ਨ ਦੇ ਉਠ ਰਹੇ ਮਾਮਲਿਆਂ ਉਤੇ ਵਿਚਾਰਾਂ ਕੀਤੀਆਂ। ਇਥੇ ਰਹਿ ਰਹੇ ਵੱਖ-ਵੱਖ ਕੌਮਾਂ ਦੇ ਲੋਕਾਂ ਦੇ ਦੇਸ਼ਾਂ ਦੀ ਆਜ਼ਾਦੀ ਦਿਵਸ ਨੂੰ ਇਕ ਸਾਂਝੇ ਰੂਪ ਵਿਚ ਮਨਾਉਣ ਉਤੇ ਵੀ ਵਿਚਾਰ ਹੋਈ। ਗੁਰਦੁਆਰਾ ਸਾਹਿਬ ਜਿੱਥੇ ਧਰਮ ਦੀ ਗੱਲ ਹੁੰਦੀ ਹੈ ਉਥੇ ਸਿਆਸਤ ਦੀ ਵੀ ਹੁੰਦੀ ਹੈ। ਮਾਈਕਲ ਵੁੱਡ ਨੇ ਗੁਰਦੁਆਰਾ ਸਾਹਿਬ ਦੀਵਾਨ ਦੇ ਵਿਚ ਜਾ ਕੇ ਕੁਝ ਸਮਾਂ ਬਿਤਾਇਆ, ਅਰਦਾਸ ਸੁਣੀ ਅਤੇ ਬਾਅਦ ਵਿਚ ਸੰਗਤ ਨੂੰ ਸੰਖੇਪ ਰੂਪ ਵਿਚ ਸੰਬੋਧਨ ਕੀਤਾ। ਇਨ੍ਹਾਂ ਤੋਂ ਇਲਾਵਾ ਬਲਜੀਤ ਕੌਰ ਪੰਨੂ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ। ਸ. ਗੁਰਿੰ-ਦਰ ਸਿੰਘ ਸ਼ਾਦੀਪੁਰ ਅਤੇ ਸ. ਵਰਪਾਲ ਸਿੰਘ ਨੇ ਸੰਟੇਜ ਸੰਚਾਲਨ ਕੀਤਾ ਅਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਦੀਵਾਨ ਦੀ ਸਮਾਪਤੀ ਉਪਰੰਤ ਸੰਗਤ ਨੇ ਨਿੱਜੀ ਰੂਪ ਵਿਚ ਸ੍ਰੀ ਮਾਈਕਲ ਵੁੱਡ ਦੇ ਧਿਆਨ ਵਿਚ ਕੁਝ ਮਾਮਲੇ ਲਿਆਂਦੇ।

# ਸਪਰਿੰਗਡੇਲ ਸੰਨੀਮੈਡੋ ਸੀਨੀਅਰਜ਼ ਕਲੱਬ ਵੱਲੋਂ 'ਚੌਥਾ ਫਨ ਫ਼ੇਅਰ ਮੇਲਾ' 24 ਅਗਸਤ ਨੂੰ

ਬਰੈਂਪਟਨ, (ਡਾ. ਝੰਡ) -ਸਪਰਿੰਡਡੇਲ ਸੰਨੀਮੈਡੋ ਸੀਨੀਅਰਜ਼ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਗਰੇਵਾਲ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਉਨ੍ਹਾਂ ਦੀ ਕਲੱਬ ਵੱਲੋਂ 'ਚੌਥਾ ਫ਼ਨ ਫੇਅਰ ਮੇਲਾ' 24 ਅਗਸਤ ਦਿਨ ਐਤਵਾਰ ਨੂੰ ਮਨਾਇਆ ਜਾਏਗਾ। ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿਚ 6 ਸਾਲ ਤੋਂ 14 ਸਾਲ ਦੇ ਲੜਕਿਆਂ ਅਤੇ ਲੜਕੀਆਂ ਦੇ ਪੰਜ-ਪੰਜ ਗਰੁੱਪ ਵੱਖ-ਵੱਖ ਦੌੜਾਂ ਵਿਚ ਹਿੱਸਾ ਲੈਣਗੇ ਅਤੇ ਬਾਅਦ ਵਿਚ ਹੋਰ ਕਈ ਓਪਨ-ਮੁਕਾਬਲੇ ਵੀ ਕਰਵਾਏ ਜਾਣਗੇ। ਬੀਬੀਆਂ ਦੀ ਮਿਊਜ਼ੀਕਲ ਚੇਅਰ-ਰੇਸ ਅਤੇ ਚਮਚਾ-ਰੇਸ ਇਸ ਖੇਡ-ਮੇਲੇ ਦੀ ਵਿਸ਼ੇਸ਼ ਖਿੱਚ ਹੋਣਗੀਆਂ। ਇਸ ਸਮਾਗਮ ਵਿਚ ਪਾਰਲੀਮੈਂਟ ਮੈਂਬਰਾਂ, ਸਿਟੀ ਕਊਂਸਲਰਾਂ ਅਤੇ ਸਕੂਲ-ਟਰੱਸਟੀ ਕਲੱਬ ਦੇ ਮੁੱਖ-ਮਹਿਮਾਨ ਹੋਣਗੇ ਜਿਨ੍ਹਾਂ ਨੂੰ ਇਸ ਸਮਾਗਮ ਲਈ ਸੱਦਾ-ਪੱਤਰ ਭੇਜੇ ਜਾ ਚੁੱਕੇ ਹਨ ਅਤੇ ਉਨ੍ਹਾਂ ਵੱਲੋਂ ਇਸ ਦੇ ਲਈ ਸਹਿਮਤੀ ਵੀ ਮਿਲ ਗਈ ਹੈ। ਸਾਰੀਆਂ ਸੀਨੀਅਰਜ਼ ਕਲੱਬਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਇਸ ਸਮਾਗਮ ਵਿਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਕੀਤੀ ਸਮੇਂ ਵਿੱਚੋਂ ਕੁਝ ਵਕਤ ਕੱਢ ਕੇ ਇਸ ਮੇਲੇ ਦੀ ਰੌਣਕ ਨੂੰ ਵਧਾਉਣ। ਇਸ ਮੌਕੇ ਚਾਹ-ਪਾਣੀ ਤੇ ਸਨੈਕਸ ਦਾ ਲੰਗਰ ਅਟੁੱਟ ਵਰਤੇਗਾ।

ਇਸ ਪ੍ਰੋਗਰਾਮ ਸਬੰਧੀ ਵਧੇਰੇ ਜਾਣਕਾਰੀ ਲਈ ਦਰਸ਼ਨ ਸਿੰਘ ਗਰੇਵਾਲ (416-302-7053), ਜੋਗਿੰਦਰ ਸਿੰਘ ਚੇਅਰਮੈਨ (416-726-4530), ਬੇਅੰਤ ਸਿੰਘ ਵਿਰਦੀ (416-735-7040), ਮਲਕੀਤ ਸਿੰਘ ਧਾਲੀਵਾਲ (905-872-4410) ਜਾਂ ਸੁਰਜੀਤ ਸਿੰਘ ਧਾਲੀਵਾਲ (647-561-7004) ਨੂੰ ਸੰਪਰਕ ਕੀਤਾ ਜਾ ਸਕਦਾ ਹੈ।

# ਰਾਈਜ਼ਿੰਗ ਸਟਾਰਜ਼ 25 ਅਗਸਤ ਨੂੰ



ਟੋਰਾਂਟੋਂ, 13 ਅਗਸਤ (ਹਰਜੀਤ ਸਿੰਘ ਬਾਜਵਾ): ਰਾਜ ਮਿਊਜ਼ਿਕ ਅਕੈਡਮੀ ਅਤੇ ਇੰਡੋ-ਕਨੇਡੀਅਨ ਮਿਊਜ਼ਿਕ ਐਂਡ ਕਲਚਰਲ ਸੁਸਾਇਟੀ ਵੱਲੋਂ ਉੱਘੇ ਸੰਗੀਤਕਾਰ ਰਜਿੰਦਰ ਸਿੰਘ ਰਾਜ ਦੀ ਰਹਿਨਮਈ ਹੇਠ ਸਲਾਨਾਂ ਸੰਗੀਤਕ ਸਮਾਗਮ 'ਰਾਈਜ਼ਿੰਗ ਸਟਾਰਜ਼' 25 ਅਗਸਤ ਐਤਵਾਰ ਨੂੰ ਬਰੈਂਪਟਨ ਦੇ ਸ਼ਿੰਗਾਰ ਬੈਕੁੰਟ ਹਾਲ ਵਿੱਚ ਕਰਵ-ਾਇਆ ਜਾ ਰਿਹਾ ਹੈ ਜਿਸ ਬਾਰੇ ਜਾਣਕਾਰੀ ਦਿੰਦਿਆਂ ਰਜਿੰਦਰ ਸਿੰਘ ਰਾਜ ਨੇ ਦੱਸਿਆ ਕਿ ਸਵੇਰੇ 11 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਚੱਲਣ ਵਾਲੇ ਇਸ ਸੰਗੀਤਕ ਸਮਾਗਮ ਵਿੱਚ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਗਾਇਕ ਆਪਣੀ ਗਾਇਕੀ ਪੇਸ਼ ਕਰਨਗੇ ਜਿਸ ਲਈ ਸਾਡਾ ਮਕਸਦ ਲੋਕਲ ਟੇਲੈਂਟ ਨੂੰ ਪ੍ਰਮੋਟ ਕਰਕੇ ਲੋਕਾਂ ਸਾਹਮਣੇ ਲਿਆਉਂਣਾ ਹੈ।

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਉ ਨਾਮ
ਕਰਤਾਰ ਫਰਨੀਚਰ




■ ਅਸੀਂ ਸੋਫ਼ੇ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਦਿਸ਼ਾ' ਵੱਲੋਂ 'ਸਿੱਖ ਔਰਤਾਂ ਦੀ ਵਰਤਮਾਨ ਦਸ਼ਾ : ਸਮਾਜਿਕ-ਸੱਭਿਆਚਾਰ ਪਰਿਪੇਖ' ਵਿਸ਼ੇ 'ਤੇ ਸੈਮੀਨਾਰ 8 ਸਤੰਬਰ ਨੂੰ

ਬਰੈਂਪਟਨ, (ਡਾ. ਝੰਡ) - ਪਿਛਲੇ ਕੁਝ ਸਾਲਾਂ ਤੋਂ ਬਰੈਂਪਟਨ ਵਿਚ ਵਿਚਰ ਰਹੀ ਔਰਤਾਂ ਦੀ ਸੰਸਥਾ 'ਦਿਸ਼ਾ' ਵੱਲੋਂ 'ਸਿੱਖ ਔਰਤਾਂ ਦੀ ਵਰਤਮਾਨ ਦਸ਼ਾ: ਸਮਾਜਿਕ-ਸੱਭਿਆਚਾਰਕ ਪਰਿਪੇਖ' ਵਿਸ਼ੇ 'ਤੇ ਇਕ ਦਿਨਾਂ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸੈਮੀਨਾਰ ਗੁਰੂ ਨਾਨਕ ਦੇਵ ਜੀ ਦੇ 550'ਵੇਂ ਪ੍ਰਕਾਸ਼-ਉਤਸਵ ਨੂੰ ਸਮੱਰਪਿਤ ਹੋਵੇਗਾ ਅਤੇ ਇਸ ਵਿਚ ਔਰਤਾਂ ਨੂੰ ਦਰਪੇਸ਼ ਵਰਤਮਾਨ ਚੁਣੌਤੀਆਂ ਅਤੇ ਗੁਰਬਾਣੀ ਦੀਆਂ ਸਿੱਖਿਆਵਾਂ ਦੀ ਰੌਸ਼ਨੀ ਵਿਚ ਉਨ੍ਹਾਂ ਦੇ ਹੱਲ ਬਾਰੇ ਵਿਦਵਾਨਾਂ ਵੱਲੋਂ ਪੇਪਰ ਪੜ੍ਹੇ ਜਾਣਗੇ। ਉਪਰੰਤ, ਹਾਜ਼ਰੀਨ ਵੱਲੋਂ ਉਨ੍ਹਾਂ ਬਾਰੇ ਖੁੱਲ੍ਹਾ ਵਿਚਾਰ-ਵਟਾਂਦਰਾ ਹੋਵੇਗਾ। ਇਹ ਸੈਮੀਨਾਰ 8 ਸਤੰਬਰ ਦਿਨ ਐਤਵਾਰ ਨੂੰ ਬਰੈਂਪਟਨ ਦੇ ਐੱਫ਼.ਬੀ.ਆਈ. ਸਕੂਲ ਵਿਚ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤੀਕ ਹੋਵੇਗਾ। ਸੈਮੀਨਾਰ ਦੇ ਪ੍ਰਬੰਧਕਾਂ ਵੱਲੋਂ ਸਾਰਿਆਂ ਨੂੰ ਇਸ ਸੈਮੀਨਾਰ ਵਿਚ ਆਉਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਸੈਮੀਨਾਰ ਦੀ ਮੁੱਖ-ਪ੍ਰਬੰਧਕ ਡਾ. ਕੰਵਲਜੀਤ ਕੌਰ ਢਿੱਲੋਂ ਨੂੰ ਉਨ੍ਹਾਂ ਦੇ ਸੈੱਲ ਫ਼ੋਨ 1-289-980-3255 ਜਾਂ ਵੱਟਸਐਪ ਨੰਬਰ 011-91-70870-91838 'ਤੇ ਕਾਲ ਕਰਕੇ ਲਈ ਜਾ ਸਕਦੀ ਹੈ।

# 'ਆਹਲੂਵਾਲੀਆ ਐਸੋਸੀਏਸ਼ਨ ਆਫ਼ ਨੌਰਥ ਅਮੈਰਿਕਾ' ਦੀ ਸਲਾਨਾ ਪਿਕਨਿਕ 18 ਅਗਸਤ ਨੂੰ

ਬਰੈਂਪਟਨ, (ਡਾ. ਝੰਡ) -ਮਹਿੰਦਰ ਸਿੰਘ ਵਾਲੀਆ ਤੋਂ ਪ੍ਰਾਪਤ ਸੂਚਨਾ ਅਨੁਸਾਰ 'ਆਹਲੂਵਾਲੀਆ ਐਸੋਸੀਏਸ਼ਨ ਆਫ਼ ਨੌਰਥ ਅਮੈਰਿਕਾ' ਦੀ ਸਲਾਨਾ ਪਿਕਨਿਕ ਚਿੰਗੂਆਕੂਜ਼ੀ ਪਾਰਕ ਵਿਖੇ ਸਵੇਰੇ 11.00 ਵਜੇ ਤੋਂ ਸ਼ਾਮ 5.00 ਵਜੇ ਤੀਕ ਮਨਾਈ ਜਾ ਰਹੀ ਹੈ ਅਤੇ ਇਸ ਦਾ ਸਥਾਨ ਪਾਰਕ ਦਾ 'ਸ਼ੈੱਡ-ਬੀ' ਹੋਵੇਗਾ। ਐਸੋਸੀਏਸ਼ਨ ਵੱਲੋਂ ਸਮੂਹ ਆਹਲੂਵਾਲੀਆ ਪਰਿਵਾਰਾਂ ਨੂੰ ਇਸ ਪਿਕਨਿਕ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਪਿਕਨਿਕ ਵਿਚ ਤਰ੍ਹਾਂ-ਤਰ੍ਹਾਂ ਦੇ ਸੁਆਦਲੇ ਭੋਜਨ-ਪਦਾਰਥ ਸਰਵ ਕੀਤੇ ਜਾਣਗੇ ਅਤੇ ਮਹਿਮਾਨਾਂ ਦੀ ਪਸੰਦ ਦਾ ਪੂਰਾ ਖ਼ਿਆਲ ਰੱਖਿਆ ਜਾਏਗਾ। ਇਸ ਦੌਰਾਨ ਖੇਡਾਂ ਅਤੇ ਮਨੋਰੰਜਨ ਦਾ ਪ੍ਰਬੰਧ ਸ੍ਰੀਮਤੀ ਦਵਿੰਦਰ ਕੌਰ ਵਾਲੀਆ ਦੀ ਨਿਗਰਾਨੀ ਹੇਠ ਹੋਵੇਗਾ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਐਸੋਸੀਏਸ਼ਨ ਦੇ ਪ੍ਰਧਾਨ ਟੌਮੀ ਵਾਲੀਆ ਨੂੰ 647-242-8100 ਜਾਂ ਮੀਤ-ਪ੍ਰਧਾਨ ਆਰ.ਪੀ.ਐੱਸ. ਵਾਲੀਆ ਨੂੰ 647-982-2643 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing in:
• Collision • Custom Painting
• Mechanical Service
• Frame & Unibody Repair
• Insurance Claims Welcome
Inderjit Singh Lic. Auto Body Technician/Lic. Mec.
Daljit Singh
President
308 Rutherford Road
Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

# ‘ਰੇਡੀਓ ਆਪਣਾ’ ਦੀ ਸੰਯੋਜਕ ਮਨਧੀਰ ਕੌਰ ਮੰਨੂ ਦਾ ਸਨਮਾਨ

## ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੂਰਬ ਦੇ ਸਬੰਧ ਵਿਚ ਧਾਰਮਿਕ ਦੀਵਾਨ

ਹੋਲੀਸਵੁੱਡ(ਨਿਊਯਾਰਕ) 13 ਅਗਸਤ (ਗਿਆਨ ਸਿੰਘ) ਰਾਮਗੜ੍ਹੀਆ ਸਿੱਖ ਸੁਸਾਇਟੀ ਆਫ ਅਮਰੀਕਾ,ਨਿਊਯਾਰਕ ਵਲੋਂ ਸਥਾਪਿਤ ਗੁਰਦਵਾਰਾ ਸਾਹਿਬ ਵਿਖੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਧਾਰਮਿਕ ਦੀਵਾਨ ਸਜਾਇਆ ਗਿਆ। ਇਸ ਮੌਕੇ ਰਾਗੀ ਜੱਥੇ ਨੇ ਮਨੋਹਰ ਕੀਰਤਨ ਰਾਂਹੀ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।ਗੁਰਦਵਾਰਾ ਸਾਹਿਬ ਦੀ ਕਮੇਟੀ ਦੇ ਪ੍ਰਧਾਨ ਸ ਇੰਦਰਜੀਤ ਸਿੰਘ ਨੇ ਸੰਗਤਾਂ ਦਾ ਸਵਾਗਤ ਕਰਦਿਆਂ ਸੰਗਤਾਂ ਨੂੰ ਵਧਾਈ ਦਿੱਤੀ।

ਇਸ ਮੌਕੇ ਕੈਨੇਡਾ ਦੇ ਸ਼ਹਿਰ ਵਿੰਨੀਪਿੰਗ ਤੋਂ ਵਿਸ਼ੇਸ ਤੌਰ ਤੇ ਰੇਡੀਓ ਆਪਣਾ ਦੇ ਸੰਯੋਜਕ ਮਨਧੀਰ ਕੌਰ ਮੰਨੂ ਨੇ ਸਾਮਲ ਹੋਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਵਿਚਾਰ ਪੇਸ਼ ਕਰਦਿਆਂ ਸੰਗਤਾਂ ਬੇਨਤੀ ਕੀਤੀ ਕਿ ਅਜੋਕੇ ਸਮੇਂ ਵਿਚ ਸਾਨੂੰ ਗੁਰਬਾਣੀ ਦੇ ਉਪਦੇਸ਼ਾ ਨੂੰ ਆਪਣੇ ਜੀਵਨ ਵਿਚ ਅਮਲੀ ਰੂਪ ਦੇਣ ਦੀ ਲੋੜ੍ਹ ਹੈ।ਉਨ੍ਹਾਂ ਕਿਹਾ ਗੁਰਬਾਣੀ ਨਾਲ ਜੁੜੇ ਪ੍ਰਾਣੀ ਦਾ ਜੀਵਨ ਨਿਮਰਤਾ, ਆਪਸੀ ਪਿਆਰ, ਮਨੁੱਖਤਾ ਦੀ ਭਲਾਈ ਤੇ ਪਰਉਕਾਰੀ ਗੁਣਾਂ ਨਾਲ ਭਰਭੂਰ ਹੁੰਦਾ ਹੈ।ਉਨ੍ਹਾਂ ਕਿਹਾ ਕਿ ਅਸੀਂ



ਖੁਸ਼ਕਿਸਮਤ ਹਾਂ ਕਿ ਸਾਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ।ਉਹਨਾਂ ਕਿਹਾ ਦੁਨੀਆਂ ਦੇ ਹਰ ਕੋਨੇ ਵਿਚ ਜਿੱਥੇ ਨਾਨਕ ਨਾਮ ਲੇਵਾ ਸੰਗਤਾਂ ਵਸਦੀਆਂ ਹਨ ਆਪਣੇ ਆਪਣੇ ਅਕੀਦੇ ਅਨੁਸਾਰ ਇਸ ਗੁਰਪੁਰਬ ਨੂੰ ਮਨਾ ਰਹੀਆਂ ਹਨ ।ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਅੰਤਰਰਾਸ਼ਟਰੀ ਨਗਰਕੀਰਤਨ ਸਜਾਏ ਜਾ ਰਹੇ ਹਨ। ਉਨ੍ਹਾਂ ਸੰਗਤਾਂ ਨੂੰ ਜਾਣਕਾਰੀ ਦਿੱਤੀ ਕਿ ਪਿਛਲੇ 23 ਸਾਲ ਤੋਂ ਵਿੰਨੀਪਿੰਗ ਵਿਖੇ ‘ਰੇਡੀਓ ਆਪਣਾ’ਰਾਂਹੀ ਪੰਜਾਬੀ ਮਾਂ ਬੋਲੀ ਦੀ ਸੇਵਾ ਕਰ ਰਹੇ ਤੇ ਪੰਜਾਬੀਆਂ ਨੂੰ ਆਪਣੇ ਵਿਰਸ਼ੇ ਨਾਲ ਜੋੜਨ ਦਾ ਯਤਨ ਜਾਰੀ ਹੈ,ਹੁਣ ਟੀਵੀ ਆਪਣਾ ਦੀ ਸੇਵਾ ਵੀ ਸ਼ੁਰੂ ਕਰ ਦਿੱਤੀ ਹੈ।

ਰਾਮਗੜ੍ਹੀਆ ਸਿੱਖ ਸੁਸਾਇਟੀ ਦੇ ਪ੍ਰਧਾਨ ਇੰਦਰਜੀਤ ਸਿੰਘ, ਚੇਅਰਮੈਂਨ ਹਰਬੰਸ ਸਿੰਘ, ਪ੍ਰੋ. ਜਸਵੀਰ ਸਿੰਘ, ਗੁਰਦੀਪ ਸਿੰਘ ਨਰੂਲਾ ਆਦਿ ਨੇ ਰੇਡੀਓ ਆਪਣਾ ਦੇ ਸੰਯੋਜਕ ਮਨਧੀਰ ਕੌਰ ਮੰਨੂ ਨੂੰ ਸਿਰਪਾਉ ਦੇ ਕੇ ਸਨਮਾਨਿਤ ਕੀਤਾ।ਅੰਤ ਵਿਚ ਸਕੱਤਰ ਕਮਲਜੀਤ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਭਰਾ ਪੁਲਿਸ ਮੁਲਾਜ਼ਮ ਤੇ ਭੈਣ ਨਕਸਲੀ, ਮੁਕਾਬਲੇ ਵਿੱਚ ਆਹਮੋ-ਸਾਹਮਣੇ ਹੋ ਗਏ

ਸੁਕਮਾ, 13 ਅਗਸਤ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਨਕਸਲੀ ਪ੍ਰਭਾਵਿਤ ਸੁਕਮਾ ਜ਼ਿਲ੍ਹੇ ਵਿੱਚ ਰੋਜ਼ ਨਕਸਲੀਆਂ ਅਤੇ ਪੁਲਿਸ ਵਿਚਕਾਰ ਮੁਕਾਬਲੇ ਦਿਆਂ ਖਬਰਾਂ ਆਉਂਦੀਆਂ ਹਨ, ਪਰ ਬੀਤੇ ਦਿਨੀਂ ਇਕ ਏਦਾਂ ਦਾ ਨਕਸਲੀ ਮੁਕਾਬਲਾ ਹੋ ਗਿਆ, ਜੋ ਇੱਕ ਖਾਸ ਵਜ੍ਹਾ ਦੇ ਕਾਰਨ ਸੁਰਖੀਆਂ ਵਿੱਚ ਆ ਗਿਆ ਹੈ।

ਦਰਅਸਲ ਮੁਕਾਬਲੇ ਵਿੱਚ ਇਕ ਪੁਲਿਸ ਮੁਲਾਜ਼ਮ ਭਰਾ ਅਤੇ ਉਸ ਦੀ ਭੈਣ ਨਕਸਲੀ ਭੈਣ ਵਿਚਾਲੇ ਗੋਲੀਬਾਰੀ ਹੋ ਗਈ ਸੀ। ਪੁਲਿਸ ਦੀ ਜਵਾਬੀ ਕਾਰਵਾਈ ਤੋਂ ਬਾਅਦ ਨਕਸਲੀ ਜੰਗਲ ਵਿੱਚ ਭੱਜ ਗਏ ਸਨ। ਨਕਸਲੀ ਭੈਣ ਵੀ ਪੁਲਿਸ ਮੁਲਾਜ਼ਮ ਭਰਾ ਦੇ ਹੱਥੋਂ ਬਚ ਨਿਕਲੀ। ਇਹ 29 ਜੁਲਾਈ ਦਾ ਦਿਨ ਸੀ, ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਜ਼ਿਲ੍ਹੇ ਸੁਕਮਾ ਦੇ ਬਲਾਕਾਤੋਂਗ ਇਲਾਕੇ ਦੇ ਜੰਗਲ ਵਿੱਚ ਸਵੇਰ ਤੋਂ ਗੋਲੀਆਂ ਦੀ ਆਵਾਜ਼ ਗੂੰਜ ਰਹੀ ਸੀ। ਪੁਲਸ ਨੂੰ ਜਾਣਕਾਰੀ ਮਿਲੀ ਕਿ ਜੰਗਲ ਵਿੱਚ ਵੱਡੀ ਗਿਣਤੀ ਵਿੱਚ ਨਕਸਲੀ ਹਨ। ਇਸੇ ਸੂਚਨਾ ਉੱਤੇ ਪੁਲਿਸ ਟੀਮ ਓਥੇ ਗਈ। ਪੁਲਿਸ ਦੇ ਆਉਣ ਦੀ ਸੂਹ ਲੱਗਦੇ ਸਾਰ ਨਕਸਲੀਆਂ ਨੇ ਹਮਲਾ ਕਰ ਦਿੱਤਾ। ਫਿਰ ਦੋਵਾਂ ਪਾਸਿਉਂ ਫਾਇਰਿੰਗ ਸ਼ੁਰੂ ਹੋ ਗਈ। ਪੁਲਿਸ ਟੀਮ ਨਾਲ ਵੈੱਟੀ ਰਾਮਾ ਗਾਈਡ ਵਜੋਂ ਸਹਾਇਕ ਗਾਰਡ ਸਨ। ਵੈੱਟੀ ਰਾਮਾ ਦੇ ਇਕ ਸਾਥੀ ਨੇ ਕਿਹਾ ਕਿ ਦੇਖ ਤੇਰੀ ਭੈਣ ਕੰਨੀ ਨਜ਼ਰ ਆ ਰਹੀ ਹੈ। ਜਦੋਂ ਤਕ ਵੈੱਟੀ ਰਾਮਾ ਉਸ ਵੱਲ ਦੇਖਦਾ, ਉਹ ਨਜ਼ਰਾਂ ਤੋਂ ਪਾਸੇ ਹੋ ਗਈ। ਭਰਾ ਨੇ ਭੈਣ ਨੂੰ ਆਵਾਜ਼ ਦਿੱਤੀ, ਪਰ ਉਹ ਭਰਾ ਨੂੰ ਅਣਗੌਲਿਆ ਕਰ ਕੇ ਖਿਸਕ ਗਈ।

ਰੱਖੜੀ ਦਾ ਤਿਉਹਾਰ ਜਦੋਂ ਨੇੜੇ ਆ ਰਿਹਾ ਹੈ ਤਾਂ ਵੈੱਟੀ ਰਾਮਾ ਨੂੰ ਉਹ ਦਿਨ ਯਾਦ ਆਉਂਦਾ ਹੈ, ਜਦੋਂ ਉਸ ਦੀ ਭੈਣ ਕੰਨੀ ਉਸ ਦੇ ਗੁੱਟ ਉੱਤੇ ਰੱਖੜੀ ਬੰਨ੍ਹਦੀ ਸੀ ਤੇ ਰਾਮਾ ਨੇ ਆਪਣੀ ਭੈਣ ਦੀ ਰੱਖਿਆ ਦੀ ਸਹੁੰ ਚੁੱਕੀ ਸੀ। ਦੋਵੇਂ ਭੈਣ-ਭਰਾ ਗਗਨਪੱਲੀ ਪਿੰਡ ਦੇ ਵਾਸੀ ਹਨ। ਵੈੱਟੀ ਰਾਮਾ ਉਸ ਦਿਨ ਨੂੰ ਯਾਦ ਕਰ ਦੁਖੀ ਹੈ, ਜਦੋਂ ਨਕਸਲੀ ਪਿੰਡ ਵਿੱਚ ਆਏ ਤੇ ਦੋਵਾਂ ਭੈਣ-ਭਰਾ ਲੈ ਗਏ। ਬਾਅਦ ਵਿੱਚ ਉਨ੍ਹਾਂ ਆਪਣੇ ਸੰਗਠਨ ਵਿੱਚ ਬਾਲ ਨਕਸਲੀ ਵਜੋਂ ਸ਼ਾਮਲ ਕਰ ਲਿਆ। ਇਸ ਸੰਗਠਨ ਵਿੱਚ ਹੀ ਦੋਵੇਂ ਵੱਡੇ ਹੋਏ ਸਨ। ਵੈੱਟੀ ਰਾਮਾ ਨੂੰ ਲੱਗਦਾ ਸੀ ਕਿ ਨਕਸਲੀਆਂ ਦੀ ਸੋਚ ਖੋਖਲੀ ਹੈ। ਹੌਲੀ-ਹੌਲੀ ਸੰਗਠਨ ਨਾਲ ਉਸ ਦਾ ਮੋਹ ਭੰਗ ਹੋ ਗਿਆ ਤੇ ਕਰੀਬ ਇਕ ਸਾਲ ਪਹਿਲਾਂ ਉਸ ਨੇ ਪੁਲਿਸ ਕੋਲ ਸਮਰਪਣ ਕਰ ਦਿੱਤਾ। ਇਸ ਪਿੱਛੋਂ ਵੈੱਟੀ ਰਾਮਾ ਨੂੰ ਪੁਲਿਸ ਦਾ ਸਹਾਇਕ ਗਾਰਡ ਬਣਾ ਲਿਆ ਗਿਆ। ਵੈੱਟੀ ਰਾਮਾ ਉੱਤੇ 8 ਲੱਖ ਰੁਪਏ ਇਨਾਮ ਸੀ, ਪਰ ਅੱਜ ਕੱਲ੍ਹ ਉਹ ਨਕਸਲੀ ਖਤਮ ਕਰਨ ਦੀ ਜ਼ਿੰਮੇਦਾਰੀ ਨਿਭਾ ਰਿਹਾ ਹੈ। ਮੁੱਖ ਧਾਰਾ ਨਾਲ ਜੁੜਨ ਪਿੱਛੋਂ ਵੈੱਟੀ ਰਾਮਾ ਕਈ ਵਾਰ ਭੈਣ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਚੁੱਕਾ ਹੈ, ਪਰ ਹਰ ਵਾਰੀ ਨਿਰਾਸ਼ਾ ਹੋਈ ਹੈ। ਕੱਲ੍ਹ ਫਿਰ ਉਸ ਨੇ ਪੱਤਰ ਦੇ ਜ਼ਰੀਏ ਭੈਣ ਨੂੰ ਅਪੀਲ ਕੀਤੀ ਕਿ ਉਹ ਨਕਸਲਵਾਦ ਛੱਡ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਹੋ ਜਾਵੇ।

# ਗਾਰਡੇਨੀਆ ਦੇ ਖਰੀਦਦਾਰਾਂ ਨੂੰ ਫਲੈਟ ਖਾਲੀ ਕਰਨ ਦਾ ਨੋਟਿਸ

ਨੋਇਡਾ, 13 ਅਗਸਤ (ਪੋਸਟ ਬਿਊਰੋ)- ਅਮਰਪਾਲੀ ਦੇ ਬਾਅਦ ਨੋਇਡਾ ਦੇ ਸੈਕਟਰ 75 ਦੇ ਗਾਰਡੇਨੀਆ ਗੇਟ ਵੇਅ ਦੇ ਖਰੀਦਦਾਰਾਂ ਨੂੰ ਘਰ ਖਾਲੀ ਕਰਨ ਦਾ ਨੋਟਿਸ ਆਇਆ ਹੈ। ਇਹ ਨੋਟਿਸ ਬੈਂਕ ਨੇ ਫਲੈਟ ਮਾਲਕਾਂ ਨੂੰ ਦਿੱਤਾ ਹੈ। ਇਸ ਸੰਬੰਧ ਵਿੱਚ ਖਰੀਦਦਾਰਾਂ ਦਾ ਦੋਸ਼ ਹੈ ਕਿ ਉਨ੍ਹਾਂ ਨੇ ਬਿਲਡਰ ਗਾਰਡੇਨੀਆ ਇੰਡੀਆ ਨੂੰ ਚਾਰ ਸਾਲ ਪਹਿਲਾਂ ਪੂਰਾ ਭੁਗਤਾਨ ਕਰਕੇ ਫਲੈਟ ਲਿਆ ਸੀ। ਅੱਜ ਉਨ੍ਹਾਂ ਨੂੰ ਉਸ ਫਲੈਟ ਨੂੰ ਖਾਲੀ ਕਰਨ ਦਾ ਨੋਟਿਸ ਫੜਾ ਦਿੱਤਾ ਗਿਆ ਹੈ। ਖਰੀਦਦਾਰਾਂ ਨੇ ਕੇਂਦਰ ਤੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਉਨ੍ਹਾਂ ਦੀ ਸਮੱਸਿਆ ਹੱਲ ਕਰੇ। ਯੂਨੀਅਨ ਬੈਂਕ ਆਫ ਇੰਡੀਆ ਨੇ ਚਾਰ ਸਾਲ ਪਹਿਲਾਂ ਬਿਲਡਰ ਗਾਰਡੇਨੀਆ ਇੰਡੀਆ ਲਿਮਟਿਡ ਨੂੰ 78 ਕਰੋੜ 45 ਲੱਖ 22,970 ਰੁਪਏ ਦਾ ਕਰਜ਼ਾ ਦਿੱਤਾ ਸੀ। ਓਦੋਂ ਬਿਲਡਿੰਗ ਦਾ ਕੰਮ ਪੂਰਾ ਹੋ ਚੁੱਕਾ ਸੀ ਅਤੇ ਫਲੈਟ ਮਾਲਕਾਂ ਨੇ ਸਾਰਾ ਪੈਸਾ ਬਿਲਡਰ ਨੂੰ ਦਿੱਤਾ ਹੋਇਆ ਸੀ। ਇਸ ਕਰਜ਼ੇ ਦੇ ਬਾਰੇ ਫਲੈਟ ਮਾਲਕਾਂ ਨੂੰ ਕੁਝ ਵੀ ਨਹੀਂ ਦੱਸਿਆ ਗਿਆ ਸੀ, ਜਦ ਕਿ ਬਹੁਤ ਸਾਰੇ ਫਲੈਟ ਮਾਲਕਾਂ ਨੇ ਆਪਣੇ ਫਲੈਟ 'ਤੇ ਪਹਿਲਾਂ ਤੋਂ ਲੋਨ ਲੈ ਰੱਖਿਆ ਸੀ, ਜਿਸ ਦੀ ਐਨ ਓ ਸੀ ਬਿਲਡਰ ਪਹਿਲਾਂ ਬੈਂਕ ਨੂੰ ਦੇ ਚੁੱਕਾ ਸੀ। ਅਜਿਹੇ ਵਿੱਚ ਇਕੋ ਪ੍ਰਾਪਰਟੀ ਉਤੇ ਦੋ ਵਾਰ ਕਰਜ਼ਾ ਬੈਂਕ ਵੱਲੋਂ ਕਿਸ ਤਰ੍ਹਾਂ ਦਿੱਤਾ ਗਿਆ। ਖਰੀਦਦਾਰਾਂ ਦਾ ਦੋਸ਼ ਹੈ ਕਿ ਧੋਖਾਧੜੀ ਵਿੱਚ ਨੋਇਡਾ ਪ੍ਰਸ਼ਾਸਨ ਵੀ ਹਿੱਸੇਦਾਰ ਹੈ, ਜਦ ਕਿ ਬਿਲਡਰ 'ਤੇ ਰੈਗੂਲੇਟਰੀ ਦਾ ਵੀ ਕਈ ਕਰੋੜ ਰੁਪਏ ਬਕਾਇਆ ਹੈ। ਇਸ ਤੋਂ ਬਾਅਦ ਰੈਗੂਲੇਟਰੀ ਨੇ ਬਿਲਡਰ ਨੂੰ ਐਨ ਓ ਸੀ ਕਿਉਂ ਦਿੱਤੀ। ਬਿਲਡਰ ਨੇ ਸਾਰਾ ਪੈਸਾ ਕਿਤੇ ਹੋਰ ਤਬਦੀਲ ਕਰ ਦਿੱਤਾ ਹੈ ਅਤੇ ਉਹ ਪੈਸੇ ਵਾਪਸ ਨਹੀਂ ਕਰ ਰਿਹਾ ਤਾਂ ਬੈਂਕ ਉਸ ਨੂੰ ਫੜੇ ਤੇ ਪੈਸਾ ਵਸੂਲ ਕਰੇ, ਫਲੈਟ ਮਾਲਕਾਂ ਨੂੰ ਨੋਟਿਸ ਜਾਰੀ ਕਰਕੇ ਫਲੈਟ ਖਾਲੀ ਕਰਵਾਉਣਾ ਗਲਤ ਹੈ। ਇਸ ਬਾਰੇ ਫਲੈਟ ਖਰੀਦਦਾਰਾਂ ਵਿੱਚ ਭਾਰੀ ਰੋਸ ਹੈ ਅਤੇ ਇਸ ਨੋਟਿਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਜਾ ਰਹੀ ਹੈ।

# ਪ੍ਰਿੰਸੀਪਲ ਬਲਬੀਰ ਸਿੰਘ ਗਿੱਲ ਸਦੀਵੀ ਵਿਛੋੜਾ ਦੇ ਗਏ

## ਪੰਜਾਬੀ ਸੱਭਿਆਚਾਰ ਮੰਚ ਵੱਲੋਂ ਦੁੱਖ ਦਾ ਇਜ਼ਹਾਰ

(ਬਰੈਂਪਟਨ/ਬਾਸੀ ਹਰਚੰਦ/ ਬਲਦੇਵ ਸਹਿਦੇਵ) ਪਿਛਲੇ ਦਿਨੀ ਪ੍ਰਿੰਸੀਪਲ ਬਲਬੀਰ ਸਿੰਘ ਗਿੱਲ ਪਿੰਡ ਡਾਲਾ ਜ਼ਿਲਾ ਮੋਗਾ (ਪੰਜਾਬ) ਪਰਿਵਾਰ,ਰਿਸ਼ਤੇਦਾਰਾਂ,ਸਨੇਹੀਆਂ ਅਤੇ ਹਮ ਖਿਆਲੀਆਂ ਨੂੰ ਸਦੀਵੀ ਵਿਛੋੜਾ ਦੇ ਗਏ। ਉਹ ਦੂਰ ਦ੍ਰਿਸ਼ਟੀ, ਸਪਸ਼ਟ ਪ੍ਰਗਤੀਸ਼ੀਲ ਵਿਚਾਰਾਂ, ਦ੍ਰਿੜ ਇਰਾਦਾ,ਨਸਲ,ਜ਼ਾਤਾਂ ਮਜ਼੍ਹਬਾਂ ਤੋਂ ਉਪਰ ਉੱਠ ਕੇ ਇਨਸਾਨੀਅਤ ਦੇ ਭਲੇ ਦੀ ਸੋਚ ਵਾਲੇ ਇਨਸਾਨ ਸਨ। ਅੱਜ ਦੇ ਸਮਾਜ ਵਿੱਚ ਅਤਿ ਗਿਰਾਵਟ ਅਤੇ ਰਾਜਨੀਤਿਕ ਰਸਾਤਲ ਵਾਲੇ ਮਹੌਲ ਵਿੱਚ ਅਜਿਹੇ ਵਿਅੱਕਤੀਆਂ ਦੀ ਅਵਾਜ਼ ਦਾ ਚਲੇ ਜਾਣਾ ਬੇਹੱਦ ਕਸ਼ਟਦਾਇਕ ਹੈ। ਪੰਜਾਬੀ ਸੱਭਿਆਚਾਰ ਮੰਚ ਉਹਨਾਂ ਦੇ ਵਿਛੜ ਜਾਣ ਤੇ ਅਤਿ ਸੰਵੇਦਨਾ ਨਾਲ ਪਰਿਵਾਰ,ਰਿਸ਼ਤੇਦਾਰਾਂ,ਸਨੇਹੀਆਂ ਅਤੇ ਹਮ ਖਿਆਲੀਆਂ ਨਾਲ ਦੁੱਖ ਦਾ ਇਜ਼ਹਾਰ ਕਰਦਾ ਹੈ। ਮੰਚ ਦੇ ਪ੍ਰਧਾਨ ਬਲਦੇਵ ਸਿੰਘ ਸਹਿਦੇਵ, ਸਕੱਤਰ ਕਾਮਰੇਡ ਸੁਖਦੇਵ ਸਿੰਘ ਧਾਲੀਵਾਲ,ਦਰਸ਼ਨ ਸਿੰਘ ਭੌਰਾ,ਸੁਭਾਸ਼ ਖੁਰਮੀ ਆਦਿ ਨੇ ਉਹਨਾਂ ਦੇ ਸੰਘਰਸ਼ ਸ਼ੀਲ ਜੀਵਨ ਸਬੰਧੀ ਵਿਚਾਰ ਸਾਂਝੇ ਕੀਤੇ।

# ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੂੰ ਸੰਬੋਧਨ ਕਰਨ ਵੇਲੇ ਲੋਕਾਂ ਨੇ ਰੋਕਿਆ

## * ਸੁਖਦੇਵ ਸਿੰਘ ਬੱਬਰ ਦੇ ਬਰਸੀ ਸਮਾਗਮ ਦੌਰਾਨ ਤਿੱਖਾ ਵਿਰੋਧ

ਤਰਨ ਤਾਰਨ, 13 ਅਗਸਤ (ਪੋਸਟ ਬਿਊਰੋ)- ਸਾਬਕਾ ਅਕਾਲੀ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੂੰ ਆਪਣੇ ਖਿਲਾਫ ਪੱਟੀ ਸ਼ਹਿਰ ਦੇ ਡਾਕਟਰ ਸੁਦਰਸ਼ਨ ਤ੍ਰੇਹਨ ਦੇ ਕਤਲ ਬਾਰੇ ਸਰਕਾਰ ਵੱਲੋਂ ਫਿਰ ਚਾਲੂ ਕੀਤੇ ਕੇਸ ਵਿੱਚ ਸਰਹੱਦੀ ਖੇਤਰ ਦੇ ਪਿੰਡ ਦਾਸੂਵਾਲ ਵਿੱਚ ਕੱਲ੍ਹ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਆਗੂ ਸੁਖਦੇਵ ਸਿੰਘ ਬੱਬਰ ਦੇ ਬਰਸੀ ਸਮਾਗਮ ਮੌਕੇ ਸਪਸ਼ਟੀਕਰਨ ਦੇਣ 'ਤੇ ਲੋਕਾਂ ਵੱਲੋਂ ਰੋਕੇ ਜਾਣ ਕਰਕੇ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ ਹੈ।

ਪਰਵਾਰ ਵੱਲੋਂ ਕੀਤੇ ਗਏ ਇਸ ਸਮਾਗਮ ਵਿੱਚ ਵੱਡੀ ਗਿਣਤੀ ਗਰਮ ਖਿਆਲੀ ਸਿੱਖ ਆਗੂਆਂ ਨੂੰ ਵੀ ਸੱਦਾ ਦਿੱਤਾ ਗਿਆ ਸੀ। ਸਟੇਜ ਸੰਚਾਲਕ ਪ੍ਰੋ. ਬਲਜਿੰਦਰ ਸਿੰਘ ਨੇ ਬੁਲਾਰਿਆਂ ਨੂੰ ਕਿਸੇ ਧਿਰ ਉੱਤੇ ਰਾਜਸੀ ਹਮਲੇ ਕਰਨ ਤੋਂ ਗੁਰੇਜ਼ ਕਰਨ ਦੀ ਹਦਾਇਤ ਕੀਤੀ ਸੀ, ਪਰ ਬਹੁਤੇ ਬੁਲਾਰਿਆਂ ਨੇ ਭਾਸ਼ਣਾਂ ਦੀ ਸੁਰ ਤਿੱਖੀ ਰੱਖੀ, ਜਿਹੜੀ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ ਜਾਂਦੀ ਸੀ। ਭੁਪਿੰਦਰ ਸਿੰਘ ਜਰਮਨੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਕਬਜ਼ਾ ਖਤਮ ਕਰਾਉਣ ਲਈ ਉਪਰਾਲੇ ਕਰਨ ਲਈ ਜ਼ੋਰ ਦਿੱਤਾ।

ਫਿਰ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਸੰਬੋਧਨ ਵੇਲੇ ਆਪਣੇ ਖਿਲਾਫ ਡਾ. ਸੁਦਰਸ਼ਨ ਤ੍ਰੇਹਨ ਦੇ ਕਤਲ ਬਾਰੇ ਕੇਸ ਫਿਰ ਸ਼ੁਰੂ ਕਰਨ ਦਾ ਸਪਸ਼ਟੀਕਰਨ ਦੇਣਾ ਸ਼ੁਰੂ ਕੀਤਾ ਤਾਂ ਹਾਜ਼ਰ ਲੋਕਾਂ ਨੇ ਵਿਰੋਧ ਸ਼ੁਰੂ ਕਰ ਦਿੱਤਾ ਅਤੇ ਪ੍ਰਬੰਧਕਾਂ ਨੇ ਸਪੀਕਰ ਬੰਦ ਕਰ ਦਿੱਤਾ, ਜਿਸ 'ਤੇ ਉਹ ਆਪਣਾ ਭਾਸ਼ਣ ਵਿਚਾਲੇ ਖਤਮ ਕਰਕੇ ਚਲੇ ਗਏ। ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਉਨ੍ਹਾਂ ਨੇ ਕਿਸੇ ਹਦਾਇਤ ਦੀ ਉਲੰਘਣਾ ਨਹੀਂ ਕੀਤੀ, ਉਹ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਬਾਰੇ ਆਪਣੇ ਕੇਸ ਦਾ ਹਵਾਲਾ ਦੇ ਰਹੇ ਸਨ।

# ਸਕੂਟਰ ਤੇ ਬਾਈਕ ਨਾਲ ਦੋ ਮਹੀਨੇ ਵਿੱਚ 2.60 ਲੱਖ ਕਿਲੋ ਚੌਲ ਚੋਰੀ ਕੀਤੇ

ਨਵੀਂ ਦਿੱਲੀ, 13 ਅਗਸਤ (ਪੋਸਟ ਬਿਊਰੋ)- ਇਕ ਮੋਟਰ ਸਾਈਕਲ ਨਾਲ 16 ਹਜ਼ਾਰ ਕਿਲੋ ਚੌਲ ਢੋਇਆ ਜਾ ਸਕਦਾ ਹੈ? ਸੁਣਨ ਵਿਚ ਅਜੀਬ ਲੱਗਦਾ ਹੈ। ਇਹ ਗੱਲ ਓਦੋਂ ਪਤਾ ਲੱਗੀ, ਜਦ ਸੀ ਬੀ ਆਈ ਨੇ ਐੱਫ ਸੀ ਆਈ (ਭਾਰਤੀ ਖੁਰਾਕ ਨਿਗਮ) ਦੇ ਕੁਝ ਅਧਿਕਾਰੀਆਂ ਅਤੇ ਇੱਕ ਨਿੱਜੀ ਕੰਪਨੀ ਉਤੇ 2.69 ਲੱਖ ਕਿਲੋ ਚੌਲ ਚੋਰੀ ਬਾਰੇ ਕੇਸ ਦਰਜ ਕਰਵਾਇਆ। ਇਨ੍ਹਾਂ ਚੌਲਾਂ ਦੀ ਕੀਮਤ ਕਰੀਬ 85 ਲੱਖ ਰੁਪਏ ਸੀ।

ਸੀ ਬੀ ਆਈ ਮੁਤਾਬਕ ਅਧਿਕਾਰੀਆਂ ਅਤੇ ਕੰਪਨੀ ਨੇ ਚੌਲ ਟਰੱਕਾਂ ਨਾਲ ਢੋਣ ਦੀ ਜਾਣਕਾਰੀ ਦਿੱਤੀ, ਪਰ ਮਿਲੇ ਦਸਤਾਵੇਜ਼ਾਂ ਵਿਚ ਬਾਈਕ, ਸਕੂਟਰ, ਕਾਰ, ਬਸ ਅਤੇ ਵਾਟਰ ਟੈਂਕਾਂ ਦੇ ਲਾਇਸੈਂਸ ਨੰਬਰ ਦਿੱਤੇ ਗਏ ਸਨ, ਜਿਨ੍ਹਾਂ ਵਿੱਚੋਂ ਕੁਝ ਨੰਬਰ ਟਰਾਂਸਪੋਰਟ ਵਿਭਾਗ ਦੇ ਰਿਕਾਰਡ ਵਿਚ ਵੀ ਨਹੀਂ ਸਨ। ਆਸਾਮ ਦੇ ਸਾਲਚਾਪਰਾ ਰੇਲ ਟਰਮੀਨਲ ਤੋਂ ਕਰੀਬ 9.19 ਲੱਖ ਕਿਲੋ ਚੌਲ 57 ਟਰੱਕਾਂ 'ਚ ਮਣੀਪੁਰ ਦੇ ਕੋਇਰੇਂਗੇਈ ਭੇਜਿਆ ਗਿਆ ਸੀ। ਚੌਲ ਦੋ ਮਹੀਨੇ ਬਾਅਦ ਓਥੇ ਗਏ। ਦਸਤਾਵੇਜ਼ਾਂ ਵਿਚ 16300 ਕਿਲੋ ਅਤੇ 10000 ਕਿਲੋ ਚੌਲ ਜਿਨ੍ਹਾਂ ਗੱਡੀਆਂ ਨਾਲ ਢੋਣ ਦੀ ਜਾਣਕਾਰੀ ਦਿੱਤੀ ਸੀ, ਉਨ੍ਹਾਂ ਦੇ ਨੰਬਰ ਸਕੂਟਰਾਂ ਦੇ ਸਨ। ਇਸ ਨੂੰ ਜਿਸ ਗੱਡੀ ਉੱਤੇ ਢੋਇਆ ਗਿਆ, ਉਸ ਦਾ ਨੰਬਰ ਮੋਟਰ ਸਾਈਕਲ ਦਾ ਸੀ।

ਓਧਰ ਟਰਾਂਸਪੋਰਟਾਂ ਨੇ ਐਫੀਡੇਵਿਟ ਵਿਚ ਕਿਹਾ ਕਿ ਰਸਤੇ ਵਿਚ ਟਰੱਕ ਖਰਾਬ ਹੋ ਗਏ ਸਨ। ਦੂਸਰੇ ਟਰੱਕਾਂ 'ਤੇ ਚੌਲ ਲੱਦ ਕੇ ਪਹੁੰਚਾਇਆ ਗਿਆ, ਇਸ ਕਾਰਨ ਪਹੁੰਚਣ ਵਿਚ ਦੇਰ ਹੋਈ।

## ਬੋਰਡਾਂ-ਕਾਰਪੋਰੇਸ਼ਨਾਂ ਦੇ ਚੇਅਰਮੈਨ ਵਾਲੀ ਫਾਈਲ ਮੁੱਖ ਮੰਤਰੀ ਦੇ ਦਫਤਰ ਵਿੱਚ ਅਟਕੀ

ਚੰਡੀਗੜ੍ਹ, 13 ਅਗਸਤ (ਪੋਸਟ ਬਿਊਰੋ)- ਪੰਜਾਬ ਦੀ ਕਾਂਗਰਸ ਸਰਕਾਰ ਆਪਣੀਆਂ ਉਲਝਣਾਂ ਵਿੱਚ ਫਸੀ ਹੋਈ ਹੋਣ ਕਾਰਨ ਬੋਰਡਾਂ ਤੇ ਕਾਰਪੋਰੇਸ਼ਨਾਂ ਵਿੱਚ ਚੇਅਰਮੈਨ ਨਿਯੁਕਤ ਕਰਨ ਦੀ ਫਾਈਲ ਕਲੀਅਰ ਨਹੀਂ ਹੋ ਰਹੀ ਹੈ। ਇਸ ਕਾਰਨ ਕਾਂਗਰਸ ਵਿੱਚ ਬੇਚੈਨੀ ਦੇਖਣ ਨੂੰ ਮਿਲ ਰਹੀ ਹੈ। ਇਹ ਫਾਈਲ ਮੁੱਖ ਮੰਤਰੀ ਦਫਤਰ ਵਿੱਚ ਰੁਕੀ ਪਈ ਹੈ। ਲੰਬੀ ਖੇਚਲ ਦੇ ਬਾਅਦ 13 ਜੁਲਾਈ ਨੂੰ ਕਾਂਗਰਸ ਨੇ ਅੱਠ ਬੋਰਡਾਂ-ਕਾਰਪੋਰੇਸ਼ਨਾਂ ਦੇ ਚੇਅਰਮੈਨ ਲਾਉਣ ਦੀ ਲਿਸਟ ਜਾਰੀ ਕੀਤੀ ਸੀ ਤਾਂ ਪਾਰਟੀ ਨੇਤਾਵਾਂ ਵਿੱਚ ਆਸ ਜਾਗੀ ਸੀ ਕਿ ਜਲਦੀ ਹੀ ਸੂਬਾ ਸਰਕਾਰ ਉਨ੍ਹਾਂ ਦੀ ਕਿਸਮਤ ਦਾ ਫੈਸਲਾ ਕਰੇਗੀ, ਪਰ ਇਸ ਦੇ ਬਾਅਦ ਤੋਂ ਸਰਕਾਰ ਨੇ ਫਿਰ ਚੁੱਪ ਧਾਰ ਲਈ ਹੈ।

ਵਰਨਣ ਯੋਗ ਹੈ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ 14 ਤੋਂ 15 ਬੋਰਡਾਂ-ਕਾਰਪੋਰੇਸ਼ਨਾਂ ਦੇ ਚੇਅਰਮੈਨਾਂ ਦੀ ਲਿਸਟ ਪਾਰਟੀ ਹਾਈ ਕਮਾਨ ਨੇ ਕਲੀਅਰ ਕਰ ਦਿੱਤੀ ਸੀ, ਪ੍ਰੰਤੂ ਚੋਣਾਂ ਕਾਰਨ ਸਰਕਾਰ ਨੇ ਰੋਕ ਲਈ ਸੀ। ਚੋਣਾਂ ਦੇ ਕਰੀਬ ਡੇਢ ਮਹੀਨੇ ਬਾਅਦ 13 ਜੁਲਾਈ ਨੂੰ ਸਰਕਾਰ ਨੇ ਅੱਠ ਚੇਅਰਮੈਨਾਂ ਦੀ ਲਿਸਟ ਕੱਢੀ ਸੀ, ਪਰ ਅਜੇ ਵੀ ਸੱਤ ਤੋਂ ਅੱਠ ਬੋਰਡ ਕਾਰਪੋਰੇਸ਼ਨਾਂ ਦੇ ਚੇਅਰਮੈਨ ਅਹੁਦਿਆਂ ਦੀ ਲਿਸਟ 'ਤੇ ਸਰਕਾਰ ਨੇ ਚੁੱਪ ਧਾਰ ਰੱਖੀ ਹੈ। ਚੇਅਰਮੈਨ ਬਣਨ ਦੇ ਚਾਹਵਾਨਾਂ ਦਾ ਧੀਰਜ ਹੁਣ ਜਵਾਬ ਦੇਣ ਲੱਗਾ ਹੈ ਅਤੇ ਜ਼ਿਲ੍ਹਾ ਪ੍ਰੀਸ਼ਦ ਅਤੇ ਬੋਰਡ ਕਾਰਪੋਰੇਸ਼ਨ ਵਿੱਚ ਚੇਅਰਮੈਨ ਲਾਉਣ ਦੀ ਹੋ ਰਹੀ ਦੇਰੀ ਕਾਰਨ ਕਾਫੀ ਨਾਰਾਜ਼ਗੀ ਵਧ ਰਹੀ ਹੈ। ਪਾਰਟੀ ਅੰਦਰ ਇਹ ਚਰਚਾ ਗਰਮ ਹੈ ਕਿ ਸਿਰਫ ਢਾਈ ਸਾਲ ਰਹਿ ਗਏ ਹਨ। ਜੇ ਥੋੜ੍ਹਾ ਸਮਾਂ ਹੋਰ ਬੀਤਿਆ ਤਾਂ ਚੇਅਰਮੈਨ ਬਣਾਉਣ ਦਾ ਕੋਈ ਲਾਭ ਨਹੀਂ ਮਿਲਣ ਵਾਲਾ। ਸਮਝਿਆ ਜਾਂਦਾ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਲਾਉਣ ਦੇ ਬਾਅਦ ਪਾਰਟੀ ਇਸ ਬਾਰੇ ਫੈਸਲਾ ਲਵੇਗੀ, ਕਿਉਂਕਿ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਹੋਏ ਵੀ ਕਰੀਬ ਇੱਕ ਸਾਲ ਹੋਣ ਵਾਲਾ ਹੈ ਅਤੇ ਅਜੇ ਤੱਕ ਸਰਕਾਰ ਜ਼ਿਲ੍ਹਾ ਪ੍ਰੀਸ਼ਦ ਵਿੱਚ ਚੇਅਰਮੈਨ ਅਤੇ ਵਾਈਸ ਚੇਅਰਮੈਨ ਨਿਯੁਕਤ ਕਰਨ ਬਾਰੇ ਫੈਸਲਾ ਨਹੀਂ ਕਰ ਸਕੀ।

## ਕਾਂਗਰਸੀ ਆਗੂਆਂ ਦੇ ਨੇੜਲੇ ਠੇਕੇਦਾਰਾਂ ਤੋਂ ਪਾਰਕਿੰਗ ਸਾਈਟਾਂ ਨੂੰ ਛੁਡਾਏ ਜਾਣ ਦੀ ਚਰਚਾ

ਲੁਧਿਆਣਾ, 13 ਅਗਸਤ (ਪੋਸਟ ਬਿਊਰੋ)- ਪਾਰਕਿੰਗ ਸਾਈਟਾਂ ਠੇਕੇ ਉਤੇ ਦੇਣ ਲਈ ਟੈਂਡਰ ਸ਼ਰਤਾਂ ਕਾਰਨ ਕਾਂਗਰਸੀ ਆਗੂਆਂ ਦੇ ਕਰੀਬੀ ਠੇਕੇਦਾਰਾਂ ਦਾ ਕਬਜ਼ਾ ਕਾਇਮ ਰਹਿਣ ਦਾ ਮੁੱਦਾ ਭਖਣ ਪਿੱਛੋਂ ਨਗਰ ਨਿਗਮ ਪਿੱਛੇ ਹਟਣ ਲੱਗੀ ਹੈ ਅਤੇ ਟੈਂਡਰ ਵਿੱਚ ਹਿੱਸਾ ਲੈਣ ਵਾਸਤੇ ਲਾਈਆਂ ਯੋਗਤਾ ਸ਼ਰਤਾਂ ਨੂੰ ਹਟਾ ਦਿੱਤਾ ਗਿਆ ਹੈ, ਜਿਸ ਨਾਲ ਪਾਰਕਿੰਗ ਦੇ ਕੰਮ ਦਾ ਤਜਰਬਾ ਨਾ ਹੋਣ ਦੇ ਬਾਵਜੂਦ ਕੋਈ ਵੀ ਕੰਪਨੀ ਟੈਂਡਰ ਵਿੱਚ ਹਿੱਸਾ ਲੈ ਸਕਦੀ ਹੈ।

ਵਰਨਣ ਯੋਗ ਕਿ ਨਗਰ ਨਿਗਮ ਵੱਲੋਂ ਪਾਰਕਿੰਗ ਸਾਈਟਾਂ ਠੇਕੇ 'ਤੇ ਦੇਣ ਲਈ ਨਵੇਂ ਸਿਰੇ ਤੋਂ ਟੈਂਡਰ ਲਾਏ ਗਏ ਸਨ। ਉਨ੍ਹਾਂ ਵਿੱਚ ਓਵਰ ਚਾਰਜਿੰਗ ਰੋਕਣ ਲਈ ਫਿਨਲੋ ਐਪ ਨਾਲ ਪਾਰਕਿੰਗ ਫੀਸ ਦੀ ਕੁਲੈਕਸ਼ਨ ਦੀ ਸ਼ਰਤ ਲਾਈ ਗਈ ਹੈ, ਜਿਸ ਬਾਰੇ ਮੀਡੀਆ ਨੇ ਖੁਲਾਸਾ ਕੀਤਾ ਕਿ ਕਾਂਗਰਸੀ ਨੇਤਾਵਾਂ ਦੇ ਕਰੀਬੀ ਜਿਨ੍ਹਾਂ ਠੇਕੇਦਾਰਾਂ ਦਾ ਐਗਰੀਮੈਂਟ ਪਿਛਲੀ ਵਾਰ ਓਵਰ ਚਾਰਜਿੰਗ ਦੇ ਦੋਸ਼ 'ਚ ਰੱਦ ਹੋਇਆ ਸੀ, ਉਹ ਇੱਕ ਵਾਰ ਫਿਰ ਟੈਂਡਰ ਲੈਣ ਵਿੱਚ ਕਾਮਯਾਬ ਹੋ ਸਕਦੇ ਹਨ ਕਿਉਂਕਿ ਨਗਰ ਨਿਗਮ ਨੇ ਪਿਛਲੇ ਤਿੰਨ ਸਾਲ ਦੌਰਾਨ ਕਿਸੇ ਇੱਕ ਸਾਲ 25 ਲੱਖ ਤੱਕ ਪਾਰਕਿੰਗ ਦਾ ਠੇਕਾ ਚਲਾਉਣ ਦੀ ਸ਼ਰਤ ਲਾਈ ਹੈ। ਉਸ ਨੂੰ ਉਹ ਚੋਣਵੇਂ ਠੇਕੇਦਾਰ ਹੀ ਪੂਰੀ ਕਰਦੇ ਹਨ, ਜੋ ਲੰਬੇ ਸਮੇਂ ਤੋਂ ਪਾਰਕਿੰਗ ਦੇ ਕੰਮ ਵਿੱਚ ਕਬਜ਼ਾ ਜਮਾਈ ਬੈਠੇ ਹਨ। ਇਸ ਨਾਲ ਈ-ਬੀਡਿੰਗ ਰਾਹੀਂ ਪਾਰਦਰਸ਼ਤਾ ਦੇ ਦਾਅਵਿਆਂ 'ਤੇ ਸਵਾਲ ਉਠਣ ਕਾਰਨ ਨਗਰ ਨਿਗਮ ਨੇ ਸ਼ਰਤਾਂ 'ਚ ਬਦਲਾਅ ਕਰਨ ਦਾ ਫੈਸਲਾ ਲਿਆ ਹੈ, ਜਿਸ ਨਾਲ ਟੈਂਡਰ ਵਿੱਚ ਹਿਸਾ ਲੈਣ ਲਈ ਪਾਰਕਿੰਗ ਚਲਾਉਣ ਦਾ ਤਜਰਬਾ ਹੋਣ ਦੀ ਲੋੜ ਨਹੀਂ ਹੋਵੇਗੀ। ਨਗਰ ਨਿਗਮ ਵੱਲੋਂ ਟੈਂਡਰ ਵਿੱਚ ਪਾਰਕਿੰਗ ਚਲਾਉਣ ਦਾ ਤਜਰਬਾ ਹੋਣ ਦੀ ਸ਼ਰਤ ਹਟਾਉਣ ਤੋਂ ਬਾਅਦ ਪੁਰਾਣੇ ਠੇਕੇਦਾਰਾਂ ਦਾ ਪੂਲ ਹੋਣ ਦੀ ਸੰਭਾਵਨਾ ਲਗਭਗ ਖਤਮ ਹੋ ਗਈ ਹੈ ਕਿਉਂਕਿ ਪਿਛਲੀ ਵਾਰ ਈ-ਬਿਡਿੰਗ ਵਿੱਚ ਪੂਲ ਕਾਰਨ ਤਿੰਨ ਕਰੋੜ ਦੀ ਰਾਖਵੀਂ ਕੀਮਤ ਦੇ ਬਾਵਜੂਦ ਸਿਰਫ ਅੱਠ ਲੱਖ ਦਾ ਵਾਧਾ ਹੋਇਆ ਸੀ, ਪਰ ਇਸ ਵਾਰ ਵੱਧ ਕੰਪਨੀਆਂ ਦੇ ਟੈਂਡਰ ਵਿੱਚ ਹਿਸਾ ਲੈਣ ਦਾ ਰਸਤਾ ਸਾਫ ਹੋਣ ਨਾਲ ਮੁਕਾਬਲੇ ਦੇ ਨਾਲ ਨਗਰ ਨਿਗਮ ਦਾ ਰੈਵੇਨਿਊ ਵੀ ਵਧੇਗਾ।

## ਨਸ਼ੀਲੇ ਪਦਾਰਥ ਵੇਚਣ ਦੇ ਦੋਸ਼ ਵਿੱਚ ਦੋ ਥਾਣੇਦਾਰ ਗ੍ਰਿਫਤਾਰ

ਅਟਾਰੀ, 13 ਅਗਸਤ (ਪੋਸਟ ਬਿਊਰੋ)- ਸਪੈਸ਼ਲ ਟਾਸਕ ਫੋਰਸ (ਐਸ ਟੀ ਐਫ) ਬਾਰਡਰ ਰੇਂਜ ਅੰਮ੍ਰਿਤਸਰ ਨੂੰ ਓਦੋਂ ਵੱਡੀ ਸਫਲਤਾ ਮਿਲੀ ਜਦੋਂ ਵੱਡੇ ਨਸ਼ਾ ਤਸਕਰਾਂ ਨਾਲ ਸਬੰਧ ਰੱਖਣ ਅਤੇ ਵੱਡੇ ਪੱਧਰ 'ਤੇ ਹੈਰੋਇਨ ਵੇਚਣ ਦੇ ਦੋਸ਼ ਹੇਠ ਦੋ ਥਾਣੇਦਾਰਾਂ ਨੂੰ ਫੜ ਕੇ ਉਨ੍ਹਾਂ ਖਿਲਾਫ ਥਾਣਾ ਕੇਸ ਦਰਜ ਕਰਕੇ ਪੁੱਛਗਿੱਛ ਕੀਤੀ ਗਈ। ਐਸ ਐਸ ਪੀ ਅੰਮ੍ਰਿਤਸਰ ਦੇ ਦੱਸਣ ਅਨੁਸਾਰ ਦੋਸ਼ੀ ਥਾਣੇਦਾਰਾਂ ਦੇ ਖਿਲਾਫ ਸਖਤ ਵਿਭਾਗੀ ਕਾਰਵਾਈ ਵੀ ਕੀਤੀ ਜਾਵੇਗੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਫਰੀ ਪਿਕਅਪ
Best Rates For Lessons
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community

Aikam MEDIA GROUP
Radio Punjab Monday to Friday 2:00PM to 3:00PM on 89.5 FM
Aikam TV Every Saturday on Vision TV Canada Wide 10:00PM to 11:00PM EST 7:00PM to 8:00PM PST
Aikam Arts Academy Learn Indian Classical Music Instruments Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

# ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਦਾ ਇਕ ਕਾਂਡ

## ਕੰਵਲ ਦਾ ਸ਼ਾਹਕਾਰ ਨਾਵਲ ਪੂਰਨਮਾਸ਼ੀ-6



-ਪ੍ਰਿੰ. ਸਰਵਣ ਸਿੰਘ-

ਨਾਵਲ ਦੀ ਸਭ ਤੋਂ ਨਾਟਕੀ ਝਾਕੀ ਸ਼ਾਮੋ ਤੇ ਉਸ ਦੇ ਘਰ ਵਾਲੇ ਦਾ ਦਿਆਲੇ ਦੇ ਟਾਂਗੇ ਵਿਚ ਸਵਾਰ ਹੋਣਾ ਹੈ:

ਲੋਕ ਉਸ ਨੂੰ ਦਿਆਲੇ ਤੋਂ ਤਾਂਗੇ ਵਾਲਾ ਅਮਲੀ ਕਹਿਣ ਲੱਗ ਪਏ। ਇਕ ਦਿਨ ਉਹ ਮੋਗੇ ਤਾਂਗਿਆਂ ਦੇ ਅੱਡੇ ਨਿੱਤ ਵਾਂਗ 'ਮਹਿਣੇ ਚੱਲਣਾ ਬਈ ਕਿਸੇ ਮਹਿਣੇ' ਬੋਲ ਕੇ ਸਵਾਰੀਆਂ ਲੱਭ ਰਿਹਾ ਸੀ। ਕੋਟ ਪੈਂਟ ਪਾਈ ਇਕ ਗਭਰੂ ਨੇ ਉਸ ਨੂੰ ਪੁੱਛਿਆ, "ਮਹਿਣੇ ਦਾ ਸਾਲਮ ਤਾਂਗਾ ਚਾਹੀਦਾ ਏ।"

ਦਿਆਲੇ ਨੇ ਪੜ੍ਹੇ ਲਿਖੇ ਸਰਦਾਰ ਵੱਲ ਵੇਖ ਕੇ ਮਨ ਵਿਚ ਕਿਹਾ, "ਕਿਤੇ ਵੇਖਿਆ ਏ।" ਫਿਰ ਉੱਤਰ ਦਿੱਤਾ, "ਸਾਲਮ ਈ ਚਲਦੇ ਰਹਾਂਗੇ ਸਰਦਾਰ ਜੀ।"

"ਦੋ ਸਵਾਰੀਆਂ ਹਾਂ।"

"ਲੈ ਆਓ ਦੂਜੀ ਸਵਾਰੀ ਵੀ।"

"ਹੱਛਾ।" ਸਰਦਾਰ ਨੇ ਆਪਣੇ ਹੱਥ ਵਾਲਾ ਚਮੜੇ ਦਾ ਸੂਟਕੇਸ ਤਾਂਗੇ ਵਿਚ ਰੱਖਦਿਆਂ ਪੁੱਛਿਆ, "ਅੱਗੇ ਕੱਚੇ ਨਹੀਂ ਜਾਵੇਂਗਾ?"

"ਕਿਥੇ ਜੀ।"

"ਕਪੂਰੀਂ"

"ਓਥੇ ਵੀ ਚਲਦਾ ਰਹਾਂਗਾ।" ਦਿਆਲੇ ਨੇ ਰੁਪਈਆ ਹੋਰ ਬਣ ਜਾਣ ਦੀ ਖ਼ੁਸ਼ੀ ਵਿਚ ਆਖਿਆ।

ਸਰਦਾਰ ਸਵਾਰੀ ਲੈਣ ਚਲਾ ਗਿਆ। ਦਿਆਲੇ ਨੇ ਠੇਕੇਦਾਰ ਨੂੰ ਅੱਡੇ ਦਾ ਟੈਕਸ ਦਿੱਤਾ ਅਤੇ ਪਾਣੀ ਦੀ ਬਾਲਟੀ ਲਾਗਲੇ ਪੰਪ ਤੋਂ ਭਰ ਲਿਆਇਆ। ਘੋੜੇ ਨੇ ਪਾਣੀ ਪੀਤਾ। ਉਸ ਅੱਧੀ ਬਾਲਟੀ ਟਾਂਗੇ ਦੇ ਤਿੜਕਦੇ ਪਹੀਆਂ ਉਤੇ ਪਾ ਦਿੱਤੀ। ਜਿਉਂ ਹੀ ਬਾਲਟੀ ਪਿਛਲੇ ਪਾਸੇ ਟੰਗਦਿਆਂ ਉਸ ਜ਼ਨਾਨੀ ਸਵਾਰੀ ਨੂੰ ਤੱਕਿਆ, ਹੈਰਾਨ ਹੋ ਕੇ ਰਹਿ ਗਿਆ! ਸ਼ਾਮੋ ਕਿਥੋਂ ਆ ਗਈ? ਹੈਰਾਨੀ 'ਚ ਚੌੜੀਆਂ ਹੋਈਆਂ ਉਸ ਦੀਆਂ ਅੱਖਾਂ ਭੁਲੇਖੇ ਅਤੇ ਹਕੀਕਤ ਵਿਚਕਾਰ ਡੌਰ ਭੌਰ ਹੋ ਰਹੀਆਂ ਸਨ। ਉਸ ਦੀ ਹਾਲਤ ਵੇਖ ਕੇ ਸ਼ਾਮੋ ਅੰਦਰੇ ਅੰਦਰ ਰੋ ਪਈ। ਉਸ ਨੂੰ ਸੁਪਨੇ ਵਿਚ ਵੀ ਕਦੇ ਖ਼ਿਆਲ ਨਹੀਂ ਸੀ ਆਇਆ ਕਿ ਦਿਆਲੇ ਨੂੰ ਮੈਂ ਅਜਿਹੀ ਦੁਰਦਸ਼ਾ ਵਿਚ ਦੇਖਾਂਗੀ।

"ਮੈਂ ਘਰ ਲਈ ਕੁਝ ਫਲ ਲੈ ਆਵਾਂ।" ਸ਼ਾਮੋ ਨੇ ਆਪਣੇ ਸਰਦਾਰ ਦੀ ਆਵਾਜ਼ ਸੁਣੀ। ਉਹ ਸੜਕੋਂ ਪਾਰ ਜਾ ਚੁੱਕਾ ਸੀ। ਸ਼ਾਮੋ ਦਿਆਲੇ ਨਾਲ ਲੱਖ ਗੁੱਸੇ ਸੀ। ਪਰ ਉਸ ਦੀ ਕੰਗਲੀ ਹਾਲਤ ਵੇਖ ਕੇ ਪਸੀਜ ਗਈ ਅਤੇ ਹਮਦਰਦੀ ਨਾਲ ਪੁੱਛਿਆ, "ਦਿਆਲਿਆ! ਇਹ ਕੀ ਹਾਲਤ ਬਣਾਈ ਏ?"

"ਭਾਵੀ ਦਾ ਚੱਕਰ ਏ।" ਦਿਆਲਾ ਸ਼ਾਮੋ ਦੇ ਸਾਹਮਣੇ ਦੋਸ਼ੀਆਂ ਵਾਂਗ ਲਜਿਤ ਖਲੋਤਾ ਸੀ। ਪਰ ਉਸ ਦਾ ਵਿਰੋਧ ਵਿਚ ਧੜਕਦਾ ਦਿਲ ਕਹਿ ਦੇਣਾ ਚਾਹੁੰਦਾ ਸੀ, "ਇਹ ਮੇਰੀ ਹਾਲਤ ਤੂੰ ਬਣਾਈ ਐ ਵੈਰਨੇ।" ਪਰ ਉਹ ਮੁੜ ਮੁੜ ਸ਼ਾਮੋ ਨੂੰ ਤਕ ਕੇ ਨੀਵੀਂ ਪਾ ਲੈਂਦਾ।

"ਥੋੜ੍ਹਾ ਬਹੁਤ ਤਾਂ ਆਪਣੇ ਆਪ ਦਾ ਖ਼ਿਆਲ ਰੱਖ। ਤੂੰ ਤਾਂ ਸਿਆਣਿਆ ਵੀ ਨੀ ਜਾਂਦਾ।"

"ਖ਼ਿਆਲ ਰੱਖ ਕੇ ਹੁਣ ਕੀ ਕਰਨਾ ਏਂ।"

"ਤੂੰ ਉਂਜ ਤਕੜਾ ਏਂ?" ਸ਼ਾਮੋ ਆਪਣੇ ਸੰਧੂਰੀ ਪੱਗ ਵਾਲੇ ਯਾਰ ਦੇ ਗਲ ਲੀਰਾਂ ਲਮਕਦੀਆਂ ਵੇਖ ਕੇ ਐਨੀ ਦੁਖੀ ਹੋਈ ਕਿ ਅੱਖਾਂ ਮੀਟ ਲੈਣਾ ਚਾਹੁੰਦੀ ਸੀ।

"ਤਕੜਾ ਹੋ ਕੇ ਕੀ ਕਰਾਂਗਾ, ਤੂੰ ਮੌਜਾਂ ਮਾਣ!"

ਪਿਛਲੀ ਗੱਲ ਸ਼ਾਮੋ ਦੀ ਹਿੱਕ ਵਿਚ ਸੇਲੇ ਦੀ ਨੋਕ ਵਾਂਗ ਬਹਿ ਗਈ। ਉਹ ਹਉਕਾ ਲੈ ਕੇ ਖ਼ਾਮੋਸ਼ ਹੋ ਗਈ। ਦੋ ਹੰਝੂ ਉਸ ਦੇ ਕੋਇਆ 'ਤੇ ਕੰਬ ਰਹੇ ਸਨ। ਬੇਬਸ ਜ਼ਿੰਦਗੀ ਫਰਜ਼ ਅਤੇ ਪਿਆਰ ਦੀ ਰੱਸੀ ਨਾਲ ਫਾਹਾ ਲੈ ਰਹੀ ਜਾਪਦੀ ਸੀ। ਐਨੇ ਨੂੰ ਸਰਦਾਰ ਫਲਾਂ ਦੀ ਟੋਕਰੀ ਲੈ ਕੇ ਆ ਗਿਆ। ਉਸ ਅੱਗੇ ਬਹਿੰਦਿਆਂ ਆਖਿਆ, "ਚਲ ਬਈ ਅਮਲੀਆ, ਹੁਣ ਫਟਾ ਫਟ।"

"ਲਓ ਜੀ, ਥੋਡੀ ਇੰਤਜ਼ਾਰ ਵਿਚ ਹੀ ਖੜ੍ਹਾ ਸੀ ਮੈਂ ਤਾਂ।" ਦਿਆਲਾ ਘੋੜੇ ਨੂੰ ਤੋਰ ਕੇ ਸੱਜੇ ਬਾਂਸ 'ਤੇ ਬਹਿ ਗਿਆ। ਤਹਿਸੀਲ ਲੰਘ ਕੇ ਸਰਦਾਰ ਅਮਲੀ ਨਾਲ ਫਿਰ ਗੱਲੀਂ ਜੁਟ ਗਿਆ, "ਘੋੜਾ ਤਾਂ ਅਮਲੀਆ ਬੜਾ ਤਿੱਖਾ ਈ ਤੇਰਾ।"

"ਹੁਆਂ ਜੀ।"

"ਕੁਝ ਕਮਾ ਵੀ ਲੈਨਾਂ ਏਂ।"

"ਕਮਾ ਕੇ ਆਪਾਂ ਕਿਹਨੂੰ ਦੇਣਾ ਏਂ।"

"ਬਸ 'ਕੱਲਾ ਈ ਏਂ, ਵਹੁਟੀ?"

ਦਿਆਲੇ ਨੇ ਪਿਛਾਂਹ ਪਰਤ ਕੇ ਤੱਕਿਆ, ਸ਼ਾਮੋ ਨੇ ਉਸ ਨੂੰ ਵੇਖ ਕੇ ਨੀਵੀਂ ਪਾ ਲਈ।

"ਵਹੁਟੀ ਨਿਕਲ ਗਈ ਸੀ ਜੀ।" ਦਿਆਲੇ ਨੇ ਜਾਣ ਕੇ ਸ਼ਾਮੋ ਨੂੰ ਸੁਣਾਉਣ ਲਈ ਝੂਠਾ ਜਵਾਬ ਦੇ ਮਾਰਿਆ।

"ਹੱਛਾ! ਕਿਉਂ ਕਮਾ ਕੇ ਨਹੀਂ ਖਵਾਉਂਦਾ ਹੋਵੇਂਗਾ?" ਸਰਦਾਰ ਨੇ ਹਮਦਰਦੀ, ਹੈਰਾਨੀ ਅਤੇ ਸਾਂਝੇ ਗ਼ਿਲੇ ਵਿਚ ਕਿਹਾ।

"ਆਹੋ ਜੀ, ਨਹੀਂ, ਜ਼ੋਰਾਵਰ ਖੋਹ ਕੇ ਲੈ ਗਏ!"

ਸ਼ਾਮੋ ਦਾ ਦਿਲ ਪੱਛਿਆ ਜਾ ਰਿਹਾ ਸੀ। ਉਹ ਆਪਣੇ ਸਰਦਾਰ 'ਤੇ ਕੁੜ੍ਹ ਰਹੀ ਸੀ। ਤੈਨੂੰ ਮਝੇਰੂਆ, ਏਨ੍ਹਾਂ ਗੱਲਾਂ ਨਾਲ ਕੀ ਪਈ? ਪੜ੍ਹਿਆ ਲਿਖਿਆ ਹੋਣ ਦੇ ਬਾਵਜੂਦ ਵੀ ਉਹ ਉਸ ਨੂੰ ਬੁੱਧੂ ਸਮਝਦੀ ਸੀ। ਇਹ ਦਿਆਲੇ ਦੀ ਸ਼ਾਮੋ ਨਾਲ ਆਖ਼ਰੀ ਮੁਲਕਾਤ ਸੀ। ਉਹ ਉਬਲ ਉਬਲ ਪੈਂਦੇ ਜਜ਼ਬਾਤ ਨੂੰ ਦਬਾਉਂਦਾ ਹੋਇਆ ਤਾਂਗਾ ਹੱਕਦਾ ਰਿਹਾ। ਭੋਲਾ ਸਰਦਾਰ ਸਾਰੇ ਰਾਹ ਉਸ ਨੂੰ ਚੁਆਤੀਆਂ ਲਾਉਂਦਾ ਆਇਆ। ਦਿਆਲਾ ਸਮਝਦਾ ਸੀ, ਮੇਰੀ ਸਾਰੀ ਜਿੰਦਗਾਨੀ 'ਤੇ ਕਹਿਰ ਹੋਇਆ ਹੈ। ਮੇਰੀ ਜਵਾਨੀ, ਘਰ ਘਾਟ, ਜ਼ਮੀਨ ਤੇ ਆਪਣਾ ਆਪ ਸਭ ਕੁਝ ਇਕ ਤਰ੍ਹਾਂ ਪਿਆਰ ਦੀ ਭੇਟਾ ਚੜ੍ਹ ਗਏ। ਤਿੱਲੇ ਵਾਲੀਆਂ ਜੁੱਤੀਆਂ ਅਤੇ ਲੱਠੇ ਦੇ ਚਾਦਰੇ ਹੰਢਾਉਣ ਵਾਲਾ ਭਰਿਆ ਭਰਿਆ ਦਿਆਲਾ ਅੱਜ ਤਾਂਗੇ ਵਾਲਾ ਮਾੜੂਆ ਜਿਹਾ ਅਮਲੀ ਰਹਿ ਗਿਆ ਏ।




ਇਸ ਅਧਿਆਏ ਦਾ ਅੰਤ ਕੰਵਲ ਨੇ ਇਸ ਲੋਕ ਗੀਤ ਨਾਲ ਕੀਤਾ ਸੀ:

ਮੁੰਡਾ ਸੁੱਕ ਗਿਆ ਚੰਨਣ ਦਾ ਬੂਟਾ,
ਤੇਰੇ ਪਿੱਛੇ ਗੋਰੀਏ ਰੰਨੇ।

'ਪੂਰਨਮਾਸ਼ੀ' ਨਾਵਲ ਜਿਨ੍ਹਾਂ ਦਿਨਾਂ ਵਿਚ ਲਿਖਿਆ ਗਿਆ ਕੰਵਲ ਨੇ ਉਸ ਤੋਂ ਸਾਲ ਕੁ ਪਹਿਲਾਂ 1947 ਵਾਲਾ ਘੱਲੂਘਾਰਾ ਅੱਖੀਂ ਵੇਖਿਆ ਸੀ। ਸਾਧਾਂ ਸੰਤਾਂ ਤੋਂ ਵੇਦਾਂਤ ਪੜ੍ਹਿਆ ਸੀ ਅਤੇ ਕਮਿਊਨਿਸਟਾਂ ਤੋਂ ਮਾਰਕਸਵਾਦ ਦੀ ਸਕੂਲਿੰਗ ਲਈ ਸੀ। ਚੂਹੜਚੱਕ ਦਾ ਬਾਬਾ ਰੂੜ ਸਿੰਘ ਉਸ ਦਾ ਸਿਆਸੀ ਗੁਰੂ ਸੀ। ਵੇਦਾਂਤ ਦਾ ਉਪਦੇਸ਼ ਦੇਣ ਲਈ ਉਸ ਨੇ ਨਾਵਲ 'ਪਾਲੀ' ਵਿਚ ਆਦਰਸ਼ਕ ਪਾਤਰ ਗੁਰਦੇਵ ਨੂੰ ਲਿਆਂਦਾ ਸੀ। ਪਾਠਕਾਂ ਨੇ ਗੁਰਦੇਵ ਦੇ ਬਚਨ ਆਪਣੀਆਂ ਨੋਟ ਬੁੱਕਾਂ ਵਿਚ ਨੋਟ ਕੀਤੇ ਸਨ। ਨਾਵਲ 'ਪੂਰਨਮਾਸ਼ੀ' ਵਿਚ ਪ੍ਰਚਾਰਕ ਪਾਤਰ ਗਿਆਨੀ ਪਾਇਆ ਗਿਆ ਜੋ ਕੰਵਲ ਆਪ ਹੈ। ਨਾਵਲ ਦਾ ਪੱਚੀਵਾਂ ਕਾਂਡ ਨਿਰਾ ਪ੍ਰਚਾਰ਼ ਹੈ ਜੋ ਕਲਾਤਮਿਕ ਪੱਖੋਂ ਰੜਕਦਾ ਹੈ। ਵੰਨਗੀਆਂ ਵੇਖੋ:

"ਰੱਬ ਸ਼ਕਤੀ ਦਾ ਦੂਜਾ ਨਾਂ ਹੈ। ਬਹੁਤ ਸਾਰੇ ਸਾਇੰਸਦਾਨ ਰੱਬ ਦੀ ਹੋਂਦ ਨਹੀਂ ਮੰਨਦੇ ਅਤੇ ਬਹੁਤ ਮੰਨਦੇ ਵੀ ਹਨ। ਜੇ ਰੱਬ ਦਾ ਕੋਈ ਰੂਪ ਹੈ, ਤਦ ਉਹ ਮਾਦਾ ਬਣ ਜਾਵੇਗਾ। ਸਾਡੇ ਮੰਨਣ-ਢੰਗ ਵਿਚੋਂ ਰੱਬ ਦੇ ਰੂਪ-ਰਹਿਤ ਹੋਣ ਨਾਲ ਵੀ ਮੂਰਤੀ ਅਹਿਸਾਸ ਨਹੀਂ ਜਾਂਦਾ। ਇਸ ਸਵਾਲ ਨੂੰ ਬਹੁਤੀ ਮਹੱਤਤਾ ਨਹੀਂ ਦੇਣੀ ਚਾਹੀਦੀ। ਜਿੰਨਾ ਇਸ ਸ਼ਕਤੀ ਦੇ ਭੇਦ ਨੂੰ ਸਾਇੰਸ ਨੇ ਜਾਣਿਆ ਹੈ, ਓਨਾ ਕਿਸੇ ਅਵਤਾਰ ਜਾਂ ਪੈਗ਼ੰਬਰ ਨੇ ਨਹੀਂ ਸਮਝਿਆ। ਰੱਬ ਦੀ ਲੋੜ ਜ਼ਿੰਦਗੀ ਵਿਚ ਵਰਤਣ ਵਾਲੀਆਂ ਚੀਜ਼ਾਂ ਤੋਂ ਬਹੁਤੀ ਨਹੀਂ। ਜੇ ਜ਼ਿਹਨ ਥੋੜ੍ਹਾ ਅਨੁਭਵ ਕਰੇ ਵੀ ਤਾਂ ਰੱਬ ਮਾਲਾ ਦੇ ਮਣਕਿਆਂ ਜਾਂ ਪਾਠਾਂ ਨਾਲ ਨਹੀਂ, ਸਗੋਂ ਸਾਇੰਸ ਦੀ ਕਿਸੇ ਲੈਬਾਰਟਰੀ ਵਿਚੋਂ ਮਿਲੇਗਾ। ਮੇਰਾ ਖ਼ਿਆਲ ਮਾਦੇ ਵਿਚ ਹਰਕਤ ਕਰਦੀ ਸ਼ਕਤੀ ਨੂੰ ਹੀ ਰੱਬ ਮੰਨਦਾ ਹੈ।ਇਹ ਹਰਕਤ-ਸ਼ਕਤੀ ਮਾਦੇ ਤੋਂ ਕਿਸੇ ਤਰ੍ਹਾਂ ਵੱਖ ਨਹੀਂ ਹੋ ਸਕਦੀ।"

"ਗਿਆਨ ਦੀ ਤੱਤ-ਸ੍ਰੇਸ਼ਟਤਾ ਇਸ ਵਿਚ ਹੈ ਕਿ ਜ਼ਿੰਦਗੀ ਤੋਂ ਕੋਈ ਵੀ ਉੱਚਾ ਅਤੇ ਸੁੱਚਾ ਨਹੀਂ। ਧਰਮ, ਸਾਇੰਸ ਅਤੇ ਸਮਾਜ ਮਨੁੱਖਤਾ ਨੇ ਜਨਮੇ ਹਨ। ਜਿਹੜਾ ਜ਼ਿੰਦਗੀ ਦਾ ਕੁਦਰਤੀ ਸੇਵਕ ਨਹੀਂ ਰਹਿੰਦਾ ਅਤੇ ਹੁਕਮਰਾਨੀ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ, ਉਹ ਨਿਕੰਮਾ ਹੋ ਕੇ ਇਕ ਦਿਨ ਸੁੱਕ ਸੜ ਜਾਂਦਾ ਹੈ। ਜ਼ਿੰਦਗੀ ਅਮਰ ਹੈ ਅਤੇ ਲੋਕਤਾ ਅਪਾਰ ਸ਼ਕਤੀ।"

"ਨੇੜਲੇ ਭਵਿੱਖ ਵਿਚ ਕਾਮਿਆਂ ਅਤੇ ਕਿਰਤੀਆਂ ਦੀ ਜਿੱਤ ਉਨ੍ਹਾਂ ਨੂੰ ਅਸ਼ੀਰਵਾਦ ਦੇਣ ਵਾਲੀ ਹੈ। ਲੋਕ-ਇਨਕਲਾਬ ਦੇ ਹੜ੍ਹ ਵਿਚ ਸਾਰੇ ਗੰਦ ਹੂੰਝੇ ਜਾਣਗੇ ਅਤੇ ਇਨ੍ਹਾਂ ਜੱਟਾਂ ਦੀਆਂ ਸਿਹਤਾਂ ਤੇ ਉਮਰਾਂ ਦੁਗਣੀਆਂ ਹੋ ਜਾਣਗੀਆਂ। ਪਿਆਰ ਅਤੇ ਹਮਦਰਦੀ ਜ਼ਿੰਦਗੀ ਦਾ ਮੂੰਹ ਚੁੰਮਣਗੀਆਂ।"

ਕੰਵਲ ਨੇ ਇਹ ਨਾਵਲ ਤੀਹਵੇਂ ਸਾਲ ਦੀ ਉਮਰ ਵਿਚ ਲਿਖਿਆ ਸੀ। ਤਦ ਤਕ ਦਸਵੀਂ ਜਮਾਤ ਤੱਕ ਦੀ ਪੜ੍ਹਾਈ, ਮੇਲਿਆਂ 'ਚੋਂ ਖਰੀਦੇ ਕਿੱਸੇ, ਵਾਰਸ ਦੀ ਹੀਰ ਪੜ੍ਹਨੀ ਤੇ ਗਾਉਣੀ, ਲੋਕ ਗੀਤ, ਮਲਾਇਆ ਵਿਚ ਜਾਗੇ ਦੀ ਨੌਕਰੀ, ਚੀਨਣ ਤੇ ਮਲਾਇਣ ਨਾਲ ਇਸ਼ਕ, ਪਿੰਡ ਪਰਤ ਕੇ ਖੇਤੀ ਵਾਹੀ, ਪ੍ਰਸਿੱਧ ਸਾਹਿਤਕ ਪੁਸਤਕਾਂ ਦੀ ਪੜ੍ਹਾਈ, ਸ਼੍ਰੋਮਣੀ ਕਮੇਟੀ ਦੀ ਕਲੱਰਕੀ, 1947 ਦਾ ਉਜਾੜਾ, ਵੇਦਾਂਤ ਤੇ ਮਾਰਕਸਵਾਦ ਦੇ ਸਬਕ, ਜੀਵਨ ਕਣੀਆਂ, ਸੱਚ ਨੂੰ ਫਾਂਸੀ ਤੇ ਪਾਲੀ ਪੁਸਤਕਾਂਲਿਖਣਾ ਉਹਦਾ ਪਿਛੋਕੜ ਤੇ ਤਜਰਬਾ ਸੀ। ਉਹ ਕਮਿਊਨਿਸਟ ਬਣਨ ਦੇ ਰਾਹ ਪੈ ਗਿਆ ਸੀ ਪਰ ਕਮਿਊਨਿਸਟ ਪਾਰਟੀ ਦਾ ਮੈਂਬਰ ਨਹੀਂ ਸੀ ਬਣਿਆ। ਬਾਬਾ ਰੂੜ ਸਿੰਘ ਚੂਹੜਚੱਕ ਦੀ ਸੰਗਤ ਕਰਕੇ ਕਮਿਊਨਿਸਟ ਪਾਰਟੀ ਦਾ ਹਮਦਰਦ ਜ਼ਰੂਰ ਬਣ ਗਿਆ ਹੋਇਆ ਸੀ। ਇਹੋ ਕਾਰਨ ਹੈ ਕਿ ਮਾਲਵੇ ਦੇ ਪਿੰਡਾਂ ਦੀ ਪ੍ਰੀਤ ਕਹਾਣੀ ਦੇਵਿਸ਼ੇ ਵਾਲੇ ਨਾਵਲ ਵਿਚ ਉਸ ਤੋਂ ਧਰਮ ਤੇ ਸਾਇੰਸ ਦਾ ਵਾਦਵਿਵਾਦ ਅਤੇ ਮਾਰਕਸਵਾਦ ਦਾ ਲੋਕ-ਇਨਕਲਾਬਮੱਲੋ-ਮੱਲੀ ਘੁਸੜ ਗਿਆ ਸੀ।

ਨਿੱਕੇ-ਮੋਟੇ ਨੁਕਸਾਂ ਦੇ ਬਾਵਜੂਦ 'ਪੂਰਨਮਾਸ਼ੀ'ਫਿਰ ਵੀ ਉਹਦਾ ਸ਼ਾਹਕਾਰ ਨਾਵਲ ਗਿਣਿਆ ਜਾਂਦਾ ਹੈ।ਨਾਵਲ ਵਿਚ ਏਨਾ ਰਸ ਹੈ ਕਿ ਪਾਠਕ ਚਾਹੁੰਦਾ ਹੈ, ਨਾਵਲ ਕਦੇ ਮੁੱਕੇ ਨਾ। ਨਾਵਲ ਮੁੱਕਣ 'ਤੇ ਪਾਠਕ ਝੁਰਦਾ ਹੈ ਕਿ ਏਨੀ ਛੇਤੀ ਮੁੱਕ ਕਿਉਂ ਗਿਆ? ਇਸ ਨਾਲ ਪੰਜਾਬ ਦਾ ਪੇਂਡੂ ਜੀਵਨ ਪਹਿਲੀ ਵਾਰ ਭਰਵੇਂ ਰੂਪ ਵਿਚ ਪੇਸ਼ ਹੋਇਆ ਸੀ ਜੋ ਬਾਅਦ ਵਿਚ ਹੋਰਨਾਂ ਪੰਜਾਬੀ ਲੇਖਕਾਂ ਦਾ ਗਾਡੀਰਾਹ ਬਣ ਗਿਆ। (ਸਮਾਪਤ)

ਨੋਟ: 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਪੁਸਤਕ ਸਮੇਤ ਡੇਢ ਸੌ ਤੋਂ ਵੱਧ ਪੁਸਤਕਾਂ ਪੀਪਲਜ਼ ਫ਼ੋਰਮ ਬਰਗਾੜੀ ਨੇ ਪ੍ਰਕਾਸ਼ਿਤ ਕੀਤੀਆਂ ਹਨ। ਫ਼ੋਰਮ ਨਫ਼ੇ ਨੁਕਸਾਨ ਬਿਨਾਂ ਘੱਟ ਕੀਮਤ 'ਤੇ ਪੜ੍ਹਨਯੋਗ ਪੁਸਤਕਾਂ ਹੀ ਛਾਪਦਾ ਹੈ। ਹਰ ਦੋ ਮਹੀਨੀਂ ਉਹ ਚਾਰ ਕੁ ਪੁਸਤਕਾਂ ਦਾ ਸੈੱਟ ਡਾਕ ਰਾਹੀਂ ਦੇਸ਼ ਵਿਦੇਸ਼ ਵਸਦੇ ਆਪਣੇ 700 ਤੋਂ ਵੱਧ ਮੈਂਬਰਾਂ ਨੂੰ ਭੇਜਦਾ ਰਹਿੰਦਾ ਹੈ। ਦੇਸ਼ ਵਿਚ ਇਹ ਸੈੱਟ 250 ਰੁਪਏ ਤੇ ਵਿਦੇਸ਼ਾਂ ਵਿਚ 1200 ਰੁਪਏ ਵਿਚ ਘਰ ਬੈਠਿਆਂ ਪੁੱਜ ਜਾਂਦਾ ਹੈ। ਇੰਜ ਹਰ ਸਾਲ ਵੀਹ ਪੱਚੀ ਮਿਆਰੀ ਕਿਤਾਬਾਂ ਮੈਂਬਰਾਂ ਦੀ ਲਾਇਬ੍ਰੇਰੀ ਦਾ ਸ਼ਿੰਗਾਰ ਬਣ ਜਾਂਦੀਆਂ ਹਨ। ਜਿਨ੍ਹਾਂ ਪਾਠਕਾਂ ਨੇ ਮੈਂਬਰ ਬਣਨਾ ਹੋਵੇ ਉਹ ਖ਼ੁਸ਼ਵੰਤ ਬਰਗਾੜੀ ਨਾਲ ਫੋਨ 01191-98729-89313 ਜਾਂ ਵਟਸਐਪ 98729-89313, 98767-10809ਅਤੇ 94171-75686 ਉਤੇ ਸੰਪਰਕ ਕਰ ਸਕਦੇ ਹਨ। ਸਿਰਨਾਵਾਂ: ਖ਼ੁਸ਼ਵੰਤ ਬਰਗਾੜੀ, ਪੀਪਲਜ਼ ਫ਼ੋਰਮ ਬਰਗਾੜੀ, ਜ਼ਿਲ੍ਹਾ ਫਰੀਦਕੋਟ-151208, ਪੰਜਾਬ, ਭਾਰਤ।

## ਸਮਾਂ ਦੱਸੇਗਾ ਕਸ਼ਮੀਰ ਨੀਤੀ ਦਾ ਨਤੀਜਾ

-ਆਕਾਰ ਪਟੇਲ-

ਇਸ ਸਮੇਂ ਸਾਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਜੋ ਕੁਝ ਹੋਇਆ, ਉਹ ਕਸ਼ਮੀਰੀਆਂ ਸਮੇਤ ਸਭ ਲੋਕਾਂ ਲਈ ਇੱਕ ਚੰਗੀ ਗੱਲ ਹੈ। ਜੋ ਲੋਕ ਇਸ ਨੂੰ ਵਿਸ਼ੇਸ਼ ਸੂਬੇ ਦਾ ਦਰਜਾ ਮਿਲਣ ਦੇ ਕਾਰਨ ਪ੍ਰੇਸ਼ਾਨ ਰਹਿੰਦੇ ਸਨ, ਉਹ ਹੁਣ ਇਸ ਗੱਲ ਤੋਂ ਸੰਤੁਸ਼ਟ ਹਨ ਕਿ ਦੇਸ਼ ਦਾ ਇੱਕੋ ਇੱਕ ਮੁਸਲਿਮ ਬਹੁਗਿਣਤੀ ਸੂਬਾ ਹੁਣ ਕੇਂਦਰ ਸ਼ਾਸਿਤ ਸੂਬਾ ਬਣ ਗਿਆ ਹੈ, ਜਿਸ 'ਤੇ ਸਿੱਧਾ ਕੇਂਦਰ ਦਾ ਸ਼ਾਸਨ ਹੋਵੇਗਾ। ਬੇਸ਼ੱਕ ਕੁਝ ਹੋਰ ਸੂਬਿਆਂ ਨੂੰ ਵੀ ਵਿਸ਼ੇਸ਼ ਦਰਜਾ ਹਾਸਲ ਹੈ, ਪਰ ਕਸ਼ਮੀਰ ਨੂੰ ਧਰਮ ਦੇ ਕਾਰਨ ਵਿਸ਼ੇਸ਼ ਨਜ਼ਰੀਏ ਤੋਂ ਦੇਖਿਆ ਜਾਂਦਾ ਸੀ। ਅਜਿਹੇ ਲੋਕ ਘੱਟ ਹੀ ਹਨ, ਜੋ ਇਹ ਸਮਝਦੇ ਸਨ ਕਿ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਠੀਕ ਹੈ। ਜੋ ਲੋਕ ਇਹ ਸਮਝਦੇ ਹਨ ਕਿ ਜੰਮੂ ਕਸ਼ਮੀਰ 'ਚ ਧਾਰਾ 370 ਦਾ ਮੂਲ ਰੂਪ ਵਿੱਚ ਬਣੇ ਰਹਿਣਾ ਅਤੇ ਜੰਮੂ ਕਸ਼ਮੀਰ ਨੂੰ ਅਸਲੀ ਖੁਦਮੁਖਤਿਆਰੀ ਦੇਣਾ ਠੀਕ ਹੈ, ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ।

ਇਸ ਤੋਂ ਇਲਾਵਾ ਆਰਥਿਕ ਪਹਿਲੂ ਹੈ। ਕਸ਼ਮੀਰ ਅਤੇ ਖਾਸ ਤੌਰ 'ਤੇ ਸ੍ਰੀਨਗਰ 'ਚ ਉਸ ਤਰ੍ਹਾਂ ਦੀ ਗਰੀਬੀ, ਅਨਪੜ੍ਹਤਾ ਅਤੇ ਹੋਰ ਮਨੁੱਖੀ ਵਿਕਾਸ ਸੂਚਕਅੰਕ ਨਹੀਂ ਹੈ, ਜਿਵੇਂ ਕਿ ਹੋਰਨਾਂ ਸੂਬਿਆਂ 'ਚ ਹੈ। ਕਸ਼ਮੀਰ ਲੋਕ ਬਹੁਤ ਉਦਮੀ ਹੁੰਦੇ ਹਨ ਅਤੇ ਉਹ ਨਾ ਸਿਰਫ ਬਾਕੀ ਭਾਰਤ ਵਿੱਚ, ਸਗੋਂ ਸੰਸਾਰਕ ਤੌਰ 'ਤੇ ਵੀ ਕੰਮ ਕਰਦੇ ਦੇਖੇ ਜਾ ਸਕਦੇ ਹਨ। ਇਸ ਲਈ ਅਜਿਹਾ ਕਦੇ ਨਹੀਂ ਰਿਹਾ ਕਿ ਇਹ ਸੂਬਾ ਆਰਥਿਕ ਤੌਰ 'ਤੇ ਪੱਛੜਿਆ ਹੋਇਆ ਹੈ। ਹੁਣ ਤਰਕ ਇਹ ਹੈ ਕਿ ਇਹ ਸੂਬਾ ਗੈਰ ਕਸ਼ਮੀਰੀਆਂ ਲਈ ਵੀ ਨਿਵੇਸ਼ ਲਈ ਉਪਲਬਧ ਹੋਵੇਗਾ ਅਤੇ ਉਹ ਉਥੇ ਜਾਇਦਾਦ ਦੇ ਮਾਲਕ ਬਣ ਸਕਣਗੇ। ਇਸ ਗੱਲ ਨੂੰ ਸਮਝਣ ਵਿੱਚ ਸਾਨੂੰ ਕੁਝ ਸਮਾਂ ਲੱਗੇਗਾ।

ਤੀਜੀ ਗੱਲ ਇਹ ਕਹੀ ਜਾ ਰਹੀ ਹੈ ਕਿ ਇਸ ਨਾਲ ਇੱਕ ਨਵੀਂ ਤਰ੍ਹਾਂ ਦੀ ਰਾਜਨੀਤੀ ਦਾ ਜਨਮ ਹੋਵੇਗਾ। ਕਸ਼ਮੀਰੀ ਲੋਕ ਪਰਵਾਰ ਆਧਾਰਤ ਰਾਜਨੀਤੀ ਤੋਂ ਮੁਕਤ ਹੋ ਜਾਣਗੇ ਅਤੇ ਉਨ੍ਹਾਂ ਕੋਲ ਨਵੇਂ ਲੋਕਤੰਤਰਿਕ ਮੌਕਿਆਂ ਨੂੰ ਲੱਭਣ ਦਾ ਮੌਕਾ ਹੋਵੇਗਾ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਕਸ਼ਮੀਰੀ ਲੋਕ ਪਰਵਾਰ ਆਧਾਰਤ ਰਾਜਨੀਤੀ 'ਚ ਕਿੰਨੀ ਆਸਥਾ ਰੱਖਦੇ ਹਨ? ਇਹ ਤੈਅ ਕਰਨਾ ਬਾਹਰੀ ਲੋਕਾਂ ਦਾ ਕੰਮ ਨਹੀਂ ਹੈ ਕਿ ਕਸ਼ਮੀਰੀਆਂ ਨੂੰ ਕਿਸ ਤਰ੍ਹਾਂ ਦੀ ਪਾਰਟੀ ਨੂੰ ਵੋਟ ਦੇਣਾ ਚਾਹੀਦਾ ਹੈ ਅਤੇ ਕਿਸ ਤਰ੍ਹਾਂ ਦੀ ਪਾਰਟੀ ਨੂੰ ਨਹੀਂ। ਹਕੀਕਤ ਇਹ ਹੈ ਕਿ ਜਾਂ ਤਾਂ ਅਸੀਂ ਇਹ ਵਿਸ਼ਵਾਸ ਕਰੀਏ ਕਿ ਕਸ਼ਮੀਰ 'ਚ ਨਿਰਪੱਖ ਚੋਣਾਂ ਕਰਵਾਈਆਂ ਗਈਆਂ ਹਨ ਜਾਂ ਵਿਸ਼ਵਾਸ ਨਾ ਕਰੀਏ। ਜੇ ਅਸੀਂ ਵਿਸ਼ਵਾਸ ਕਰਦੇ ਹਾਂ ਤਾਂ ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਜਿਹੜੀਆਂ ਪਾਰਟੀਆਂ ਨੇ ਲੋਕਾਂ ਦਾ ਵਿਸ਼ਵਾਸ ਜਿੱਤਿਆ ਹੈ, ਉਹ ਉਹੀ ਹਨ, ਜਿਨ੍ਹਾਂ ਨੂੰ ਅੱਜ ਅਸੀਂ ਗਾਲ੍ਹਾਂ ਕੱਢ ਰਹੇ ਹਾਂ। ਜੇ ਇਹ ਸੱਚ ਹੈ ਕਿ ਸਿਆਸੀ ਸਥਾਨ ਖੁੱਲ੍ਹਾ ਹੈ ਤਾਂ ਸਾਨੂੰ ਇਹ ਵਿਚਾਰ ਕਰਨਾ ਪਵੇਗਾ ਕਿ ਇਹ ਸਥਾਨ ਕਿਵੇਂ ਭਰੇਗਾ? ਇਸ ਸਮੇਂ ਸਭ ਤੋਂ ਮਸ਼ਹੂਰ ਤਾਕਤਾਂ, ਜੋ ਚੋਣ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਹਨ, ਉਹ ਵੱਖਵਾਦੀ ਹਨ। ਹੁਰੀਅਤ ਅਤੇ ਇਸ ਨਾਲ ਜੁੜੀਆਂ ਪਾਰਟੀਆਂ, ਜਿਨ੍ਹਾਂ ਵਿੱਚ ਜਮਾਤ ਏ ਇਸਲਾਮੀ ਵੀ ਹੈ, ਉਨ੍ਹਾਂ ਨੂੰ ਰਵਾਇਤੀ ਪਾਰਟੀਆਂ ਤੋਂ ਉਹ ਨਹੀਂ ਮਿਲਿਆ ਜੋ ਉਹ ਚਾਹੁੰਦੇ ਸਨ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਸੰਬੰਧ 'ਚ ਦਿੱਲੀ ਨੇ ਆਪਣੇ ਕੰਮਾਂ ਦੇ ਨਤੀਜਿਆਂ ਬਾਰੇ ਵਿਚਾਰ ਕੀਤਾ ਹੋਵੇਗਾ।

ਬਾਕੀ ਦੇਸ਼ ਨੇ ਕਸ਼ਮੀਰੀਆਂ ਬਾਰੇ ਜ਼ਿਆਦਾ ਧਿਆਨ ਨਹੀਂ ਦਿੱਤਾ, ਜੋ ਕਰਫਿਊ ਵਿੱਚ ਰਹੇ ਅਤੇ ਜਿਨ੍ਹਾਂ ਦਾ ਸੰਚਾਰ ਬੰਦ ਕਰ ਦਿੱਤਾ ਗਿਆ ਸੀ। ਇਹ ਉਨ੍ਹਾਂ ਲਈ ਨਵੀਂ ਗੱਲ ਨਹੀਂ ਹੈ। ਦੁਨੀਆ ਦੇ ਮੀਡੀਆ ਫਰੀਡਮ ਇੰਡੈਕਸ 'ਚ ਭਾਰਤ ਦੇ ਹੇਠਲੇ ਸਥਾਨ 'ਤੇ ਹੋਣ ਦਾ ਇੱਕ ਕਾਰਨ ਇਹ ਵੀ ਹੈ ਕਿ ਕਸ਼ਮੀਰੀਆਂ ਦੇ ਫੋਨ ਅਤੇ ਇੰਟਰਨੈਟ ਲੰਮੇ ਸਮੇਂ ਲਈ ਕੱਟ ਦਿੱਤੇ ਜਾਂਦੇ ਹਨ। ਹੁਣ ਤੱਕ ਜੰਮੂ ਕਸ਼ਮੀਰ ਦਾ ਪਿਛਲੇ ਦਿਨੀਂ ਕੀਤੀਆਂ ਗਈਆਂ ਭਾਰਤ ਦੀਆਂ ਕਾਰਵਾਈਆਂ 'ਤੇ ਇਹ ਕਹਿਣ ਦਾ ਮੌਕਾ ਮਿਲੇਗਾ ਕਿ ਕਸ਼ਮੀਰੀਆਂ ਨੂੰ ਵਿਸ਼ੇਸ਼ ਦਰਜਾ ਹਟਾਏ ਜਾਣ ਅਤੇ ਉਸ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਬਣਾਏ ਜਾਣ ਬਾਰੇ ਸਾਨੂੰ ਕਸ਼ਮੀਰੀਆਂ ਦੇ ਫੀਡਬੈਕ ਦਾ ਪਤਾ ਨਹੀਂ ਲੱਗਾ ਹੈ।

ਹੁਣ ਤੱਕ ਅਸੀਂ ਸੋਸ਼ਲ ਮੀਡੀਆ 'ਤੇ ਕਸ਼ਮੀਰ ਬਾਰੇ ਕੁਝ ਆਵਾਜ਼ਾਂ ਸੁਣ ਰਹੇ ਹਾਂ, ਜੋ ਪ੍ਰਮਾਣਿਤ ਨਹੀਂ ਹਨ ਕਿਉਂਕਿ ਉਥੇ ਸ੍ਰੀਨਗਰ ਅਤੇ ਹੋਰਨਾਂ ਕਸਬਿਆਂ ਵਿੱਚ ਰਹਿ ਰਹੇ ਲੋਕਾਂ ਦੀ ਪਹੁੰਚ ਇੰਟਰਨੈਟ ਤੱਕ ਨਹੀਂ ਹੈ। ਜਦੋਂ ਵੀ ਉਥੋਂ ਕਰਫਿਊ ਹਟਾਇਆ ਜਾਵੇਗਾ ਅਤੇ ਸੰਚਾਰ ਬਹਾਲ ਕੀਤਾ ਜਾਵੇਗਾ, ਉਦੋਂ ਹੀ ਭਾਰਤ ਅਤੇ ਵਿਸ਼ਵ ਨੂੰ ਪਤਾ ਲੱਗੇਗਾ ਕਿ ਅਸਲ ਵਿੱਚ ਕਸ਼ਮੀਰੀਆਂ ਦੀ ਪ੍ਰਤੀਕਿਰਿਆ ਕੀ ਹੈ। ਇਸ ਤੋਂ ਇਲਾਵਾ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਕੀ ਕਿਾ ਜਾ ਰਿਹਾ ਹੈ, ਉਹ ਜ਼ਿਆਦਾ ਮਾਇਨੇ ਨਹੀਂ ਰੱਖਦਾ ਕਿਉਂਕਿ ਪਿਛਲੇ ਤਿੰਨ ਦਹਾਕਿਆਂ ਤੋਂ ਇਸ ਦੇ ਕੋਈ ਮਾਇਨੇ ਨਹੀਂ ਰਹੇ ਹਨ। ਉਹ ਖੁਦ ਨੂੰ ਆਪਣੇ ਜਾਇਜ਼ ਅਧਿਕਾਰਾਂ ਲਈ ਲੜਨ ਵਾਲਿਆਂ ਦੇ ਰੂਪ ਵਿੱਚ ਦੇਖਦੇ ਹਨ।

ਸੰਯੁਕਤ ਰਾਸ਼ਟਰ ਵੱਲੋਂ ਕੁਝ ਪ੍ਰਸਤਾਵਾਂ ਨੇ (ਜਿਨ੍ਹਾਂ 'ਚੋਂ ਕੋਈ ਵੀ ਲਾਗੂ ਕਰਨਯੋਗ ਨਹੀਂ ਹੈ) ਦੁਨੀਆ ਦੇ ਲੰਮੇ ਸਮੇਂ ਤੋਂ ਕਸ਼ਮੀਰ ਮਾਮਲੇ 'ਤੇ ਆਪਣੀ ਰੁਚੀ ਗੁਆ ਦਿੱਤੀ ਹੈ। ਅੱਜ ਭਾਰਤ ਨੂੰ ਆਪਣੀਆਂ ਅੰਦਰੂਨੀ ਕਾਰਵਾਈਆਂ ਦੇ ਸੰਬੰਧ ਵਿੱਚ ਸੰਸਾਰਕ ਤੌਰ 'ਤੇ ਚਿੰਤਤ ਹੋਣ ਦੀ ਕੋਈ ਗੱਲ ਨਹੀਂ ਹੈ। ਸੁਰੱਖਿਆ ਪ੍ਰੀਸ਼ਦ ਦੇ ਜ਼ਿਆਦਾਤਰ ਮੈਂਬਰਾਂ ਨਾਲ ਇਸ ਦੇ ਚੰਗੇ ਸੰਬੰਧ ਹਨ ਅਤੇ ਉਸ ਨੂੰ ਰੂਸੀ ਵੀਟੋ 'ਤੇ ਨਿਰਭਰ ਰਹਿਣ ਦੀ ਜ਼ਰੂਰਤ ਨਹੀਂ ਹੈ। ਦੁਨੀਆ ਸਾਡੇ ਕਰਫਿਊ ਲਾਉਣ ਅਤੇ ਕਮਿਊਨੀਕੇਸ਼ਨ ਬਲੈਕਆਊਟ 'ਤੇ ਜ਼ਿਆਦਾ ਧਆਨ ਨਹੀਂ ਦੇਵੇਗੀ ਕਿਉਂਕਿ ਉਸ ਨੇ ਤਿੰਨ ਦਹਾਕਿਆਂ ਤੋਂ ਇਸ ਗੱਲ ਨੂੰ ਨਜ਼ਰਅੰਦਾਜ਼ ਕੀਤਾ ਹੈ।

ਆਖਰੀ ਗੱਲ, ਜਿਸ 'ਤੇ ਸਾਨੂੰ ਵਿਚਾਰ ਕਰਨਾ ਚਾਹੀਦਾ ਹੈ, ਉਹ ਇਹ ਹੈ ਕਿ ਜਿਸ ਨੂੰ ਅਸੀਂ ਅੱਤਵਾਦੀ ਹਿੰਸਾ ਕਹਿੰਦੇ ਹਾਂ, ਉਹ ਭਾਰਤ ਵਿੱਚ ਤਿੰਨ ਥਾਵਾਂ ਤੱਕ ਸੀਮਿਤ ਹੈ। ਉੱਤਰ-ਪੂਰਬ, ਆਦਿਵਾਸੀ ਬੈਲਟ (ਜਿਸ ਨੂੰ ਅਸੀਂ ਮਾਓਵਾਦੀ ਵਿਦਰੋਹ ਕਹਿੰਦੇ ਹਾਂ) ਅਤੇ ਕਸ਼ਮੀਰ। ਜ਼ਿਆਦਾਤਰ ਮਾਮਲਿਆਂ 'ਚ ਇਨ੍ਹਾਂ ਖੇਤਰਾਂ 'ਚ ਹਿੰਸਾ ਸਥਾਨਕ ਰਹਿੰਦੀ ਹੈ। ਫਿਰਕੂ ਦੰਗੇ ਅਤੇ ਉਸ ਦੇ ਵਿਰੋਧ 'ਚ ਹਿੰਸਾ ਬਾਕੀ ਭਾਰਤ ਵਿੱਚ ਵੀ ਹੁੰਦੀ ਹੈ। ਉਦਾਹਰਣ ਵਜੋਂ 1992 ਅਤੇ 2000 ਤੋਂ ਬਾਅਦ, ਪਰ ਇਹ ਘਟਨਾ ਵਿਸ਼ੇਸ਼ ਨਾਲ ਜੁੜੀ ਹੋਈ ਹੈ। ਬੁੱਧੀਜੀਵੀਆਂ ਨੇ ਇਸ ਗੱਲ 'ਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਕਿ ਇਹ ਹਿੰਸਾ ਇੱਕ ਸਥਾਨ ਤੱਕ ਹੀ ਕਿਉਂ ਸੀਮਿਤ ਰਹੀ ਹੈ। ਇਹ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਇਸ ਗੱਲ 'ਤੇ ਧਿਆਨ ਦਿੱਤਾ ਗਿਆ ਹੋਵੇਗਾ ਕਿਇਸ ਹਿੰਸਾ ਦੀ ਲੰਮੀ ਕੜੀ ਕਿਸ ਤਰ੍ਹਾਂ ਦੀ ਹੋਵੇਗੀ ਅਤੇ ਅਸੀਂ ਇਸ 'ਤੇ ਕਿਵੇਂ ਕੰਟਰੋਲ ਕਰਾਂਗੇ? ਇਸ ਸਮੇਂ ਧਾਰਾ 370 ਨੂੰ ਖਤਮ ਕੀਤੇ ਜਾਣ ਪ੍ਰਤੀ ਸਾਕਾਰਾਤਮਕ ਮਾਹੌਲ ਹੈ, ਜਦੋਂ ਦੂਸਰੇ ਪਾਸਿਓਂ ਲੋਕ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਨਗੇ ਤਾਂ ਫਿਰ ਸਾਨੂੰ ਪਤਾ ਲੱਗੇਗਾ ਕਿ ਸਾਡੀ ਕਾਰਵਾਈ ਦਾ ਕੀ ਪ੍ਰਭਾਵ ਰਿਹਾ ਅਤੇ ਇਸ ਦਾ ਪੂਰਾ ਅਰਥ ਸਮੇਂ ਦੇ ਨਾਲ ਹੀ ਜ਼ਾਹਿਰ ਹੋਵੇਗਾ।


ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

Sant Rampal Ji Maharaj Spiritual Discourse in Brampton on Sunday, September 1, 2019 from 10 am to 12pm




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

ਕੈਨੇਡਾ

# 43-ਵੀਆਂ ਸੰਸਦ ਲਈ ਚੋਣਾਂ, ਸੱਜ-ਪਿਛਾਖੜ ਨੂੰ ਹਰਾਈਏ ?



ਜਗਦੀਸ਼ ਸਿੰਘ ਚੋਹਕਾ

ਮੱਧਮ ਕਿਸਮ ਦੀ ਸੰਸਾਰ ਆਰਥਿਕ ਬਹਾਲੀ ਦੀਆਂ ਭਵਿੱਖਬਾਣੀਆਂ, ਪੂੰਜੀਵਾਦ ਦੇ ਢਾਂਚਾਗਤ ਸੰਕਟ ਜਿਹੜਾ 2008 ਦੌਰਾਨ ਵਿਤੀ ਸੰਕਟ ਦੇ ਰੂਪ ਵਿੱਚ ਪ੍ਰਗਟ ਹੋਇਆ ਸੀ। ਜੋ ਅੱਜ ਵੀ ਜਾਰੀ ਹੈ, ਦੇ ਕਰੂਰ ਪ੍ਰਭਾਵਾਂ ਅਧੀਨ ਕੈਨੇਡਾ ਦੇ ਲੋਕਾਂ ਦੀ ਵਿਸ਼ਾਲ ਬਹੁਗਿਣਤੀ, ਜੋ ਆਰਥਿਕ ਸੋਸ਼ਣ ਦਾ ਸ਼ਿਕਾਰ ਹੈ, '21-ਅਕਤੂਬਰ, 2019 ਨੂੰ ਦੇਸ਼ ਦੀ 43-ਵੀਂ ਸੰਸਦ ਲਈ ਆਪਣਾ ਮਤਦਾਨ ਕਰਨ ਜਾ ਰਹੀ ਹੈ ? ਸੰਸਾਰ ਪੂੰਜੀਵਾਦ ਦੇ ਇਸ ਜਾਰੀ ਆਰਥਿਕ ਸੰਕਟ ਦੇ ਸਿੱਟੇ ਵੱਜੋਂ ਕੈਨੇਡਾ ਜਿਹਾ ਵਿਕਸਤ ਦੇਸ਼ ਵੀ ਇਨ੍ਹਾਂ ਆਰਥਿਕ ਨਾ-ਬਰਾਬਰੀਆਂ ਦੇ ਸਰਾਪ ਤੋਂ ਬਚ ਨਹੀਂ ਸਕਿਆ ਹੈ ? ਪੂੰਜੀਵਾਦੀ-ਕਾਰਪੋਰੇਟੀ ਪ੍ਰਵਾਸੀ ਲੋਕਾਂ ਦਾ ਇਹ ਦੇਸ਼, 1867 ਤੋਂ ਪਾਰਲੀਮਾਨੀ ਜਮਹੂਰੀ ਦੋ ਪਾਰਟੀ ਸਿਸਟਮ ਵਾਲਾ, 'ਸੱਜੇ ਪੱਖੀ, ਜੋ ਕਦੇ ਲੈਫਟ ਅਤੇ ਕਦੇ ਰਾਈਟ ਪੱਖ ਅਧੀਨ 'ਸਾਮਰਾਜ ਨਾਲ ਖੜ੍ਹਾ', 'ਪੱਛਮੀ ਸੋਚ, ਨਾਟੋ ਸੰਗ ਦ੍ਰਿੜਤਾ ਨਾਲ ਅੱਗੇ ਵੱਧਣ ਵਾਲਾ ਉਤਰੀ ਅਮਰੀਕਾ ਦਾ ਦੁਨੀਆਂ ਦਾ ਇਹ ਦੂਸਰਾ ਵੱਡਾ ਦੇਸ਼ ਹੈ! 21 ਅਕਤੂਬਰ, 2019 ਨੂੰ 3,74,91,203 (31.7.2019) ਆਬਾਦੀ ਵਾਲੇ ਦੇਸ਼ ਦੇ ਲੋਕ 'ਆਪਣੇ ਮਤਦਾਨ ਰਾਹੀ' "338 ਸੀਟਾਂ" ਲਈ, ਸੰਘੀ ਸਰਕਾਰ ਦੀ ਚੋਣ ਕਰਨਗੇ ? ਨਵ-ਉਦਾਰਵਾਦ ਦੇ ਇਸ ਸੰਕਟ ਦੌਰਾਨ ਪੈਦਾ ਹੋਏ ਅੰਤਰ ਵਿਰੋਧਾਂ ਵਿਚਕਾਰ, ਕੈਨੇਡਾ ਦੇ ਵੋਟਰ ਇਸ ਸੱਜ ਪਿਛਾਖੜ ਰਾਜਨੀਤੀ ਅੰਦਰ ਕੀ ਫੈਸਲਾ ਲੈਂਦੇ ਹਨ, ਇਹ ਇੱਕ ਮੁੱਖ ਸਵਾਲ ਅੱਜ ਦੁਨੀਆਂ ਸਾਹਮਣੇ ਹੋਵੇਗਾ ?

ਕੈਨੇਡਾ ਦੇ ਰਾਜਨੀਤਕ ਰੱਖ ਨੂੰ ਤੈਅ ਕਰਨ ਲਈ 16-ਰਜਿਸਟਰਡ ਪਾਰਟੀਆਂ, 15-ਡੀਰਜਿਸਟਰਡ ਪਾਰਟੀਆਂ ਅਤੇ ਕਈ ਆਜ਼ਾਦ ਉਮੀਦਵਾਰ, '21 ਅਕਤੂਬਰ ਦੀ ਸੰਘੀ ਚੋਣਾਂ ਲਈ ਚੋਣ ਪਿੜ ਵਿੱਚ ਆਪੋ ਆਪਣੀ ਜਿੱਤ ਲਈ ਦਾਹਵੇਦਾਰੀਆਂ ਲੈ ਕੇ, 'ਮੌਜੂਦਾ ਇਸ ਦੰਗਲ ਵਿੱਚ ਹਿੱਸਾ ਲੈ ਰਹੇ ਹਨ ? ਵੋਟਰਾਂ ਨੂੰ ਭਰਮਾਉਣ, ਵਧੀਆਂ ਰਾਜ ਪ੍ਰਬੰਧ ਤੇ ਸਹੂਲਤਾਂ ਦੇਣ ਲਈ ਵੱਡੇ ਵੱਡੇ ਵਾਹਦੇ ਅਤੇ ਬਜਟ 'ਚ ਰਾਸ਼ੀਆਂ ਖਰਚਣ ਲਈ ਮੁਹਿੰਮਾਂ ਚਲਾ ਰਹੇ ਹਨ! ਰਾਜਨੀਤਕ ਪਾਰਟੀਆਂ ਅਤੇ ਉਨ੍ਹਾਂ ਦੇ ਉਮੀਦਵਾਰਾਂ ਵੱਲੋਂ 338-ਸੀਟਾਂ ਲਈ ਲਗਪਗ ਨਾਮਜ਼ਦਗੀਆਂ ਦੀ ਪ੍ਰਕਿ-ਰਆ ਨੂੰ ਸਿਰੇ ਚਾੜ੍ਹਕੇ ਚੋਣ ਮੁਹਿੰਮ ਨੂੰ ਸਿਖਰਾਂ 'ਤੇ ਖੜ੍ਹਨ ਲਈ, 'ਸਾਰੀਆਂ ਪਾਰਟੀਆਂ ਦੇ ਮੁੱਖੀ ਖੁਦ ਹੀ "ਸਟਾਰ ਕੰਪੈਨਰ" ਦੀ ਜਿੰਮੇਵਾਰੀ ਵੀ ਨਿਭਾਉਣ ਲਈ ਪੂਰੀ ਤਰ੍ਹਾਂ ਸਰਗਰਮ ਹਨ। ਕੈਨੇਡਾ ਅੰਦਰ ਪਿਛਲੇ 152 ਸਾਲਾਂ ਤੋਂ ਇੱਕ ਅੱਧੀ ਵਾਰ ਛੱਡ ਕੇ, ਦੋ ਹੀ ਪਾਰਟੀਆਂ ਲਿਬਰਲ ਅਤੇ ਟੋਰੀਆਂ ਦਾ ਹੀ ਰਾਜ ਰਿਹਾ ਹੈ ! 24-ਵਾਰ ਲਿਬਰਲ, 17-ਵਾਰ ਟੋਰੀ ਅਤੇ ਇੱਕ ਵਾਰ ਯੂਨੀਨਿਸਟਾਂ ਦੀ ਸਰਕਾਰ ਰਹੀ ਹੈ। ਬੀਤੇ ਕੈਨੇਡਾ ਦੀ ਪਾਰਲੀਮੈਂਟ ਅੰਦਰ, 'ਜਸਟਿਨ ਟਰੂਡੋ ਦੀ ਅਗਵਾਈ ਅਧੀਨ ਲਿਬਰਲ ਪਾਰਟੀ ਨੇ 338 ਦੇ ਹਾਊਸ ਅੰਦਰ, 'ਸਾਲ 2015 ਦੌਰਾਨ 184-ਸੀਟਾਂ 'ਤੇ (39.47 ਫੀਸਦ ਵੋਟ) ਜਿੱਤ ਪ੍ਰਾਪਤ ਕੀਤੀ ਸੀ। ਹੁਣ ਉਸ ਦੇ 177-ਸੰਸਦ ਮੈਂਬਰ ਹਨ। ਮਾਨਤਾ ਪ੍ਰਾਪਤ ਵਿਰੋਧੀ ਧਿਰ, 'ਕੰਜ਼ਰਵੇਟਿਵ ਦੇ 99-ਮੈਂਬਰ ਜਿੱਤੇ ਸਨ ਤੇ ਹੁਣ ਉਨ੍ਹਾਂ ਦੀ ਗਿਣਤੀ 96 ਹੈ। ਕੰਜ਼ਰਵੇਟਿਵ ਨੂੰ 31.89-ਫੀਸਦ ਵੋਟ ਪ੍ਰਾਪਤ ਹੋਏ ਸਨ। ਤੀਸਰੇ ਸਥਾਨ 'ਤੇ ਰਹਿਣ ਵਾਲੀ ਐਨ.ਡੀ ਪੀ. ਸੀ, 'ਜਿਸ ਦੇ 44-ਸੰਸਦ (19.71-ਫੀਸਦ ਵੋਟ) ਸਨ ਤੇ ਹੁਣ ਗਿਣਤੀ 41 ਹੈ। ਬਲਾਕ ਕਿਊਬੇਕ ਦੇ 10-ਸੰਸਦ (4.66 ਫੀਸਦ ਵੋਟ) ਸਨ। ਗਰੀਨ ਪਾਰਟੀ ਦਾ ਇੱਕ ਸੰਸਦ (3.45 ਫੀਸਦ ਵੋਟ) ਸੀ ਤੇ ਲੋਕ ਪਾਰਟੀ ਦਾ ਵੀ ਇੱਕ ਮੈਂਬਰ ਸੀ।

ਸੰਘੀ ਚੋਣਾਂ ਦੌਰਾਨ ਕੈਨੇਡਾ ਦੇ ਲੋਕਾਂ ਸਾਹਮਣੇ ਜੋ ਦਰਪੇਸ਼ ਮੱਸਲੇ ਅਤੇ ਚੁਣੌਤੀਆਂ ਹਨ, 'ਉਨ੍ਹਾਂ ਦੇ ਸਨਮੁੱਖ ਵੀ ਹੋਣਾ ਜ਼ਰੂਰੀ ਹੈ,' ਤਾਂ ਜੋ ਦਰੁਸਤ ਰਾਜਨੀਤਕ ਨਤੀਜੇ ਪ੍ਰਾਪਤ ਹੋ ਸਕਣ ? ਕੈਨੇਡਾ ਪ੍ਰਵਾਸੀ ਲੋਕਾਂ ਦਾ ਦੇਸ਼ ਹੈ, ਜਿੱਥੇ ਵੱਖੋ ਵੱਖ ਦੇਸ਼ਾਂ, ਧਰਮਾਂ, ਰੰਗਾਂ, ਨਸਲਾਂ ਅਤੇ ਖਿਤਿਆਂ ਦੇ ਲੋਕਾਂ ਨੇ ਇੱਥੋਂ ਦੇ ਮੂਲ ਵਾਸੀਆਂ ਦੇ ਘਰ ਅੰਦਰ ਦਾਖਲ ਹੋ ਕੇ ਆਪਣੀ ਹਰ ਤਰ੍ਹਾਂ ਸਥਾਪਤੀ ਕਾਇਮ ਕੀਤੀ ਹੈ। ਇੱਥੋਂ ਦੇ ਮੂਲ ਵਾਸੀ-ਕੈਨੇਡੀਆਈ ਲੋਕਾਂ ਦੀ ਗਿਣਤੀ 16,73,785 ਹੀ ਹੈ। ਪੰਜਾਬੀ ਭਾਈਚਾਰੇ ਦੀ ਗਣਤੀ 5 ਲੱਖ ਦੇ ਕਰੀਬ ਹੈ। ਮਨੁੱਖੀ ਵਿਕਾਸ ਇੰਡੈਕਸ (.ਧ.ੀ-2018 ਅਨੁਸਾਰ ਕੈਨੇਡਾ 0.926 ਅੰਕ ਭਾਵ 12-ਵੇਂ ਦਰਜੇ 'ਤੇ ਖੜ੍ਹਾ ਹੈ। ਗਰੀਬੀ ਦੀ ਦਰ 9.5 ਫੀਸਦ (2017) ਜੋ 2030 ਤੱਕ ਅੱਧੀ ਰਹਿ ਜਾਵੇਗੀ। ਭਾਵ 3.4 ਮਿਲੀਅਨ ਕੈਨੇਡੀਅਨ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਜਿਨ੍ਹਾਂ ਵਿੱਚੋਂ 6,22,000 ਬੱਚੇ (2017) ਹਨ। ਪ੍ਰਤੀ ਵਿਅਕਤੀ (ਘੀ) ਆਮਦਨ 43,433 ਡਾਲਰ ਹੈ। ਐਸ.ਐਨ.ਸੀ ਲਾਵਾਲਿਨ, ਭ੍ਰਿਸ਼ਟਾਚਾਰ ਫਰਾਡ ਜੋ ਟੋਰੀਆ ਦੇ ਰਾਜ ਤੋਂ ਚੱਲਿਆ ਆ ਰਿਹਾ ਹੈ, 'ਸਭ ਤੋਂ ਵੱਡਾ ਸਕੈਂਡਲ ਹੈ, ਜਿਸ ਪ੍ਰਤੀ ਦੋਨੋਂ ਵੱਡੀਆਂ ਰਾਜਨੀਤਕ ਧਿਰਾ ਚੁੱਪ-ਵੱਟੀ ਦਿੱਸਦੀਆਂ ਹਨ (ਰੁਜ਼ਗਾਰ ਤੇ ਸਮਾਜਕ ਵਿਕਾਸ ਕੈਨੇਡਾ-ਮਾਰਚ, 2019 ਦੀ ਰਿਪੋਰਟ) ? ਮੁੱਖ ਮੁੱਦੇ, ਜੋ ਹਰ ਕੈਨੇਡੀਆਈ ਲੋਕਾਂ ਦੇ ਜ਼ਿਹਨ 'ਚ ਘਰ ਕਰੀ ਬੈਠੇ ਹਨ, ਮੂਲ ਵਾਸੀ ਲੋਕਾਂ ਦੀਆਂ ਸਮੱਸਿਆਵਾਂ, ਬੇ-ਰੁਜ਼ਗਾਰੀ, ਟੈਕਸਾਂ ਦਾ ਬੋਝ, ਮਾੜੀ ਆਰਥਿਕਤਾ, ਸੇਵਾਮੁਕਤੀ ਤੇ ਸੀਨੀਅਰ ਤੇ ਬੱਚਿਆਂ ਦੀ ਦੇਖਭਾਲ, ਪ੍ਰਵਾਸੀਆਂ ਦੇ ਦੁੱਖੜੇ, ਯੂਥ, ਸਿੱਖਿਆ ਤੇ ਨਸ਼ੇ ਆਦਿ ਜੋ ਧੁਖ ਰਹੇ ਹਨ ਇਨ੍ਹਾਂ ਚੋਣਾਂ ਦੌਰਾਨ ਮੁੱਖ ਬਹਿਸ ਬਣਨੇ ਚਾਹੀਦੇ ਹਨ ?

ਕੈਨੇਡਾ ਦੀ ਰਾਜਨੀਤੀ ਅੰਦਰ, ਦੋ ਹੀ ਪੂੰਜੀਵਾਦੀ ਕਾਰਪੋਰੇਟ ਪੱਖੀ, ਸੱਜੇ ਤੇ ਇਸਾਈਅਤ ਪ੍ਰਭਾਵਤ ਪਾਰਟੀਆਂ, 'ਲਿਬਰਲ ਤੇ ਟੋਰੀ ਸਦਾ ਹੀ ਭਾਰੂ ਰਹੀਆਂ ਹਨ। ਸੰਵਿਧਾਨਕ ਤੌਰ 'ਤੇ ਭਾਵੇਂ ਬਰਾਬਰੀ, ਇਨਸਾਫ਼, ਬਹੁ-ਸੱਭਿਆਚਾਰੀਆਂ-ਅਨੇਕਤਾ, ਬਹੁ-ਭਾਸ਼ਾਈ ਸਤਿਕਾਰ ਦੇ ਮੌਕਿਆਂ ਦੀ ਪੂਰੀ ਪ੍ਰੌੜ੍ਹਤਾ ਕੀਤੀ ਗਈ ਹੈ ? ਪਰ ਮੂਲਵਾਸੀ ਕੈਨੇਡਾ ਦੇ ਅਸਲੀ ਵਸਨੀਕਾਂ ਦੇ ਮੂਲ ਹੱਕਾਂ ਅਤੇ ਹੋਣੀ ਦੀ ਅਵਹੇਲਨਾ ਅਜੇ ਕਾਇਮ ਹੈ ? ਉਨ੍ਹਾਂ ਦੇ ਬੱਚਿਆਂ ਅਤੇ ਲੜਕੀਆਂ ਦੀ ਨਸਲਕੁਸ਼ੀ (ਟਰੂਥ ਐਂਡ ਰੀਕਨਸਾਈਲੇਸ਼ਨ ਅਤੇ ਐਮ.ਐਮ.ਆਈ.ਡਬਲਯੂ.ਜੀ. ਰਿਪੋਰਟਾਂ) ਅਜੇ ਜਾਰੀ ਹੈ। ਕੈਨੇਡਾ ਦੀ ਉਚੀ ਆਰਥਿਕ ਦਰ ਕਬੂਲਣ ਦੇ ਬਾਵਜੂਦ ਸਾਰੇ ਵਰਗਾਂ ਦੇ ਲੋਕਾਂ ਅੰਦਰ ਬਰਾਬਰਤਾ ਨਹੀਂ ਹੈ। ਕੈਨੇਡਾ ਦਾ 80 ਫੀਸਦ ਵਾਪਾਰ ਅਮਰੀਕਾ ਨਾਲ ਜੁੜਿਆ ਹੋਇਆ ਹੈ। ਖੁੱਲ੍ਹੀ ਮੰਡੀ ਅਤੇ ਨਵ-ਉਦਾਰਵਾਦੀ ਨੀਤੀਆਂ ਕਾਰਨ ਭਾਵੇਂ ਅੰਦਰੂਨੀ ਮੰਡੀ ਅੰਦਰ ਲੱਕੜ, ਕੋਇਲਾ, ਲੋਹਾ, ਸੋਨਾ, ਖੇਤੀ, ਡੇਅਰੀ, ਮੱਛੀ ਕਣਕ (ਗਰੇਨ), ਆਟੋ, ਤੇਲ (ਊਰਜਾ), ਪਣ-ਬਿਜਲੀ, ਕੁਦਰਤੀ ਗੈਸ, ਫੂਡ, ਰੇਲ, ਸਟੀਲ, ਕੈਮੀਕਲ ਖੇਤਰਾਂ 'ਚ ਕੁਝ ਹੱਦ ਤੱਕ ਬੱਝਵਾਂ ਰੁਜ਼ਗਾਰ ਹੈ। ਪਰ 75 ਫੀਸਦੀ ਕੈਨੇਡੀਅਨ ਸਰਵਿਸ ਸੈਕਟਰ, ਜਿੱਥੇ ਕੈਜ਼ੂਅਲ ਕੰਮ ਹੁੰਦਾ ਹੈ, ਸ਼ਿਫਟਾਂ 'ਚ ਕੰਮ ਕਰਕੇ ਜੀਵਨ ਲੀਲਾ ਚਲਾ ਰਹੇ ਹਨ। ਇਸੇ ਕਰਕੇ ਹੀ ਉਹ ਬੇ-ਰੁਜ਼ਗਾਰੀ, ਲੇਅ-ਆਫ਼, ਕਟ, ਕਿਫਾਇਤ ਆਦਿ ਕਿਰਤੀ ਵਿਰੋਧੀ ਮਨਸੂਬਿਆਂ ਦਾ ਸ਼ਿਕਾਰ ਰਹਿੰਦੇ ਹੋਏ, ਤਨਾਅ ਅਧੀਨ ਜ਼ਿੰਦਗੀ ਜੀਅ ਰਹੇ ਹਨ ?

ਲਿਬਰਲ ਅਤੇ ਕੰਜ਼ਰਵੇਟਿਵ ਜਿਸ ਦੇ ਮੁੱਖੀ ਜਸਟਿਨ ਟਰੂਡੋ ਅਤੇ ਐਂਡਰੀਓ ਸ਼ੀਅਰ ਹਨ ਤੋਂ ਬਿਨਾਂ ਐਨ.ਡੀ.ਪੀ. ਜੋ ਸ਼ੋਸ਼ਲ ਡੈਮੋਕਰੈਟਿਕ ਮਿਲੀ ਜੁਲੀ ਆਰਥਿਕਤਾ ਦੀ ਹਾਮੀ ਹੈ, ਦਾ ਮੁੱਖੀ ਜਗਮੀਤ ਸਿੰਘ ਹੈ। ਬਲਾਕ ਕਿਊਬੇਕ ਜੋ ਵਧੇਰੇ ਕਰਕੇ ਵੱਖਵਾਦੀ-ਖੱਬੇਪੱਖੀ ਪਾਰਟੀ ਹੈ, ਅਤੇ ਗਰੀਨ ਪਾਰਟੀ ਜੋ ਵਾਤਾਵਰਨ ਦੀ ਸੁਰੱਖਿਆ ਲਈ ਗੁਹਾਰ ਲਾਉਂਦੀ ਹੈ ਦੀ, ਮੁੱਖੀ ਐਲਿਜ਼ਾਬੈਥ ਮੇਅ ਹੈ। ਕੰਜ਼ਰਵੇਟਿਵ ਤੋਂ ਵੱਖ ਹੋਇਆ ਆਗੂ, ਮੈਕਸਿਮ ਬਰਨੀਅਰ ਜਿਸ ਨੇ ਪੀ.ਪੀ. ਕੈਨੇਡਾ ਪਾਰਟੀ ਬਣਾਈ ਹੈ, 'ਪ੍ਰਵਾਸ ਅਤੇ ਵੰਨ-ਸਵੰਨਤਾ ਵਾਲੇ ਭਾਈਚਾਰੇ ਵਿਰੁੱਧ ਅੱਗ ਉਗਲਦਾ ਹੈ। ਹੋਰ ਬਹੁਤ ਸਾਰੀਆਂ ਪਾਰਟੀਆਂ ਤੋਂ ਬਿਨਾਂ, 'ਕਮਿਊਨਿਸਟ ਪਾਰਟੀ ਆਫ਼ ਕੈਨੇਡਾ ਜਿਸ ਦੀ ਮੁੱਖੀ ਏਲਿਜਾਬੇਥ ਰੌਲੇ ਹੈ, ਕੁਝ ਹਲਕਿਆਂ ਅੰਦਰ ਹੀ ਸਰਗਰਮ ਹੈ। ਕਮਿਊਨਿਸਟ ਪਾਰਟੀ ਆਫ਼ ਕਨੈਡਾ ਨੂੰ ਛੱਡ ਬਾਕੀ ਸਭ ਪਾਰਟੀਆਂ ਖੁੱਲ੍ਹੀ ਮੰਡੀ, ਨਾਟੋ ਨਾਲ ਭਾਈਵਾਲੀ, ਸਾਮਰਾਜ ਪੱਖੀ ਵਿਦੇਸ਼ ਨੀਤੀ, ਕਾਰਪੋਰੇਟੀ-ਆਰਥਿਕ ਨੀਤੀਆਂ ਦੀਆਂ ਸਮਰਥਕ ਹਨ ਜਾਂ ਹਮਦਰਦੀ ਰੱਖਦੀਆਂ ਹਨ।

ਕੈਨੇਡਾ ਦੀਆਂ ਆਰਥਿਕ ਨੀਤੀਆਂ (ਮੋਨੇਟਰੀ) ਬੀ.ਓ.ਸੀ. ਵੱਲੋਂ ਤੈਹ ਕੀਤੀਆਂ ਜਾਂਦੀਆਂ ਹਨ। ਜੋ ਪਾਰਲੀਮੈਂਟ ਨੂੰ ਜਵਾਬਦੇਹ ਹੁੰਦੀਆਂ ਹਨ। ਸਾਲ 2016 ਦੌਰਾਨ ਬਿਲ ਘਾਟਾ 30 ਬਿਲੀਅਨ ਡਾਲਰ ਸੀ, ਜੋ ਹੁਣ 2019 'ਚ 19.8 ਬਿਲੀਅਨ ਡਾਲਰ ਰਹਿ ਗਿਆ ਹੈ। ਸਾਲ 2023-24 ਤੱਕ 9.8 ਬਿਲੀਅਨ ਡਾਲਰ ਰਹਿ ਜਾਵੇਗਾ (ਖਜ਼ਾਨਾ ਮੰਤਰੀ ਬਿਲ ਮੋਰਨੀਓ)। ਪਰ ਜਸਟਿਨ ਟਰੂਡੋ ਵੱਲੋਂ ਚੋਣਾਂ ਸਮੇਂ ਜੋ ਚੋਣ ਸੁਧਾਰਾਂ ਲਈ ਵਾਹਦੇ ਕੀਤੇ ਸਨ, ਪੂਰੇ ਨਹੀਂ ਹੋਏ ਹਨ। ਮੂਲ ਵਾਸੀ ਲੋਕਾਂ ਲਈ ਪਾਣੀ, ਰਿਹਾਇਸ਼, ਸਿਹਤ, ਬੱਚਿਆਂ ਅਤੇ ਔਰਤਾਂ ਦੀ ਨਸਲਕੁਸ਼ੀ ਸੰਬੰਧੀ ਕੀਤੇ ਵਾਹਦੇ ਵੀ ਉਸ ਤਰ੍ਹਾਂ ਹੀ ਲਟਕੇ ਪਏ ਹਨ। ਪ੍ਰਵਾਸੀਆਂ ਦੀਆਂ ਮੰਗਾਂ, ਪਰਾਂਸ ਮਾਊਂਟੈਂਨ ਪਾਈਪ ਦੇ ਮੁਕੰਮਲ ਹੋਣ ਲਈ ਸੰਘੀ ਸਰਕਾਰ ਵੱਲੋਂ ਕੀਤੀ ਗਈ ਢਿੱਲਮੱਠ ਅਤੇ "ਲਾਵਾਲਿਨ" ਫਰਾਡ ਵਿਰੁੱਧ ਇਥਿਕਸ ਕਮਿਸ਼ਨ ਨਾ ਕਾਇਮ ਕਰਨਾ ਅਜਿਹੇ ਅੰਦਰੂਨੀ ਸਵਾਲ ਜੋ ਅੱਜੇ ਹੱਲ ਹੋਣੇ ਪਏ ਹਨ ? ਇਨ੍ਹਾਂ ਤੋਂ ਬਿਨਾਂ ਨਾਟੋ ਨਾਲ ਪਾਈ ਭਾਈਵਾਲੀ ਜੋ ਸਾਡੇ ਲਈ ਇੱਕ ਵੱਡਾ ਆਰਥਿਕ ਬੋਝ ਅਤੇ ਕੌਮਾਂਤਰੀ ਤਨਾਅ ਹੈ। ਇਸ ਤੋਂ ਬਿਨਾਂ ਬੇਲੋੜੀ ਵੈਨਜ਼ੂਏਲਾ ਅਤੇ ਕਿਊਬਾ ਨਾਲ ਕੌੜ ਪੈਦਾ ਕਰਨੀ, ਯੂਕੇ ਤੇ ਅਮਰੀਕਾ ਦੇ ਦਬਾਅ ਅਧੀਨ ਹੁਆਵਾਈ ਕੰਪਨੀ ਦੀ ਸੀ.ਈ.ਓ ਨੂੰ ਗ੍ਰਿਫ਼ਤਾਰ ਕਰਨਾ, ਜੋ ਚੀਨ ਨਾਲ ਕੌਮਾਂਤਰੀ ਪੱਧਰ 'ਤੇ ਸਬੰਧਾਂ ਵਿਚਕ-ਾਰ ਤਨਾਅ ਨੂੰ ਜਨਮ ਦੇਣਾ ਸੀ? ਯੂਕਰੀਨ ਮੱਸਲੇ ਸਬੰਧੀ ਰੂਸ ਨਾਲ ਸਬੰਧ ਵਿਗਾੜਨ ਤੋਂ ਬਿਨਾਂ ਭਾਰਤ ਨਾਲ ਦਹਿਸ਼ਤਗਰਦੀ ਦੇ ਮੁੱਦੇ 'ਤੇ ਫਿਕ ਪੈਦਾ ਕਰਨੀ ਆਦਿ ਕਾਰਨਾਂ ਕਰਕੇ ਕੈਨੇਡਾ ਵਿਦੇਸ਼ ਨੀਤੀ ਅੰਦਰ ਦੁਨੀਆਂ ਦੇ ਨਕਸ਼ੇ ਤੋਂ ਹੇਠਾਂ ਵੱਲ ਖਿਸਕਿਆ ਹੈ ? ਜਿਸ ਦਾ ਪ੍ਰਗਟਾਵਾ ਜੂਨ 2019 ਦੌਰਾਨ, "ਉਸਾਕਾ ਜੀ-20" ਚੋਟੀ ਵਾਰਤਾ ਵੇਲੇ, ਕੈਨੇਡੀਅਨ ਨਾਗਰਿਕਾਂ ਦੀ ਰਿਹਾਈ ਦੇ ਸਵਾਲ ਸਾਹਮਣੇ ਨਤੀਜਾ ਆਇਆ ਸੀ ? ਭਾਵ ਕੈਨੇਡਾ ਦੀਆਂ ਅੰਦਰੂਨੀ ਨੀਤੀਆਂ ਅਤੇ ਵਿਦੇਸ਼ ਨੀਤੀ ਦੀ ਪਿੱਠ-ਭੂਮੀ ਅੰਦਰ ਕੋਈ ਫਰਕ ਨਹੀਂ ਦਿੱਸਦਾ ਹੈ ।

ਇਨ੍ਹਾਂ ਚੋਣਾਂ ਦੌਰਾਨ ਪ੍ਰਵਾਸ, ਰੁਜ਼ਗਾਰ, ਮਕਾਨ, ਲੋਕਾਂ ਲਈ ਆਵਾਜਾਈ ਦੇ ਸਾਧਨ ਰੇਲ-ਬੱਸ ਸਹੂਲਤਾਂ, ਨਵੇਂ ਬੱਚਿਆਂ ਦੀ ਸਿੱਖਿਆ-ਮੀਡੀਆਂ, ਵਾਤਾਵਰਨ ਲਈ ਪੈਦਾ ਹੋ ਰਹੇ ਖਤਰੇ ਸਮਾਜ ਅੰਦਰ ਵੱਧ ਰਹੇ ਨਸ਼ੇ-ਮੌਤਾਂ, ਭਾਈਚਾਰਿਆਂ ਅੰਦਰ ਨਫ਼ਰਤ, ਈਰਖਾ ਤੇ ਬੇਗਾਨਗੀ ਅਤੇ ਸਿਨੀਅਰ ਲੋਕਾਂ ਦੇ ਮੱਸਲਿਆਂ ਦੇ ਹੱਲ ਲਈ ਉਪਰੋਕਤ ਮੰਗਾਂ ਤੋਂ ਬਿਨਾਂ ਇਸਤਰੀਆਂ ਪ੍ਰਤੀ ਲਿੰਗਕ ਭੇਦ-ਭਾਵ, ਹਿੰਸਾ ਅਤੇ ਕਤਲਾਂ ਕਾਰਨ ਪੈਦਾ ਹੋਏ ਖੌਫ਼ ਵਿਰੁੱਧ, 'ਸੰਘੀ ਸਰਕਾਰ ਤੇ ਰਾਜ ਸਰਕਾਰਾਂ ਦੀ ਸਾਂਝੀ ਰਾਜਨੀਤਕ ਪਹਿਲ ਕਦਮੀ ਸਬੰਧੀ ਇੱਕਸਾਰਤਾ ਦੀ ਘਾਟ ਦਿਸ ਰਹੀ ਹੈ। ਇਸ ਵੇਲੇ ਸਮੁੱਚੇ ਕੈਨੇਡਾ ਅੰਦਰ ਜੋ ਲੋਕ ਰਾਏ ਅਤੇ ਰਾਜਨੀਤਕ ਸਰਵੇਖਣਾਂ ਰਾਹੀਂ 17 ਮੁੱਖ ਮੁੱਦੇ ਇਨ੍ਹਾਂ ਚੋਣਾਂ ਸਾਹਮਣੇ ਆਏ ਹਨ ਹਾਕਮ ਜਮਾਤਾਂ ਦੀਆਂ ਪਾਰਟੀਆਂ ਤੋਂ ਜਵਾਬਦੇਹੀ ਦੀ ਮੰਗ ਕਰਦੇ ਹਨ ? ਪਹਿਲਾ ਮੁੱਦਾ ਜੀਵਨ ਲੋੜਾਂ ਦੀ ਪੂਰਤੀ, ਦੂਸਰਾ ਸਿਹਤ, ਤੀਜਾ ਜਲਵਾਯੂ, ਟੈਕਸ ਦਾ ਬੋਝ, ਘਰਾਂ ਦੀ ਸਮੱਸਿਆ, ਰੁਜ਼ਗਾਰ ਤੇ ਘੱਟੋ ਘੱਟ ਉਜ਼ਰਤਾਂ, ਮੂਲਵਾਸੀ ਲੋਕਾਂ ਦੀਆਂ ਸਮੱਸਿਆਂ ਦਾ ਹੱਲ, ਯੂ.ਐਸ.ਐਮ.ਸੀ.ਏ. ਦਾ ਕੈਨੇਡਾ ਦੀ ਆਰਥਿਕਤਾ 'ਤੇ ਪਿਆ ਪ੍ਰਭਾਵ, ਲਾਵਾਲਿਨ-ਫਰਾਡ ਵਿਦੇਸ਼ ਨੀਤੀ ਅੰਦਰ ਫਿਰਕੀ ਵਾਂਗ ਉਪਰ-ਹੇਠਾਂ ਘੁੰਮਣਾ, ਕਾਰਬਨ ਟੈਕਸ ਨੀਤੀ, ਘਾਟੇ ਦਾ ਬਜ਼ਟ, ਵਪਾਰ ਨੀਤੀ, ਪਾਰਟੀ ਫੰਡ, ਚੋਣ ਸੁਧਾਰ ਆਦਿ ਉਹ ਇਹ ਮੁੱਦੇ, ਜਿਨ੍ਹਾਂ ਨੇ ਆਮ ਕੈਨੇਡੀਅਨਾਂ ਨੂੰ ਪ੍ਰਭਾਵਤ ਕੀਤਾ ਹੈ ਅਤੇ ਕਰਨਗੇ ? ਇਨ੍ਹਾਂ ਮੁੱਦਿਆਂ ਦੇ ਸਨਮੁੱਖ ਹੀ, 'ਹਾਕਮਾਂ ਦੀ ਜਵਾਬਦੇਹੀ, ਪਾਰਦਰਸ਼ਕਤਾ ਅਤੇ ਜਿੰਮੇਵਾਰੀ ਦੀ ਪਰਖ ਅਨੁਸਾਰ ਹੀ ਵੋਟ ਪਾਉਣੀ ਬਣਦੀ ਹੈ ?

ਕੌਮਾਂਤਰੀ ਪੱਧਰ 'ਤੇ ਅਜਿਹੇ ਮੁੱਦੇ ਜਿਵੇਂ ਦਹਿਸ਼ਤਗਰਦੀ ਦੀ ਰੋਕ, ਜਲਵਾਯੂ ਦੀ ਸੰਭਾਲ ਲਈ ਪੈਰਿਸ ਸੰਧੀ, ਸੰਸਾਰ ਅਮਨ ਅਤੇ ਜੰਗੀ ਟਕਰਾਅ ਰੋਕਣ ਲਈ ਯਤਨ, ਗਰੀਬੀ ਗੁਰਬਤ ਦੇ ਟਾਕਰੇ ਲਈ ਉਪਰਾਲੇ, ਪ੍ਰਵਾਸੀ ਸਮੱਸਿਆ ਦੇ ਹੱਲ ਆਦਿ ਲਈ ਕੈਨੇਡਾ ਨੂੰ ਪਹਿਲ ਕਦਮੀ ਕਰਦੇ ਹੋਏ ਸਾਰਥਿਕ ਨੀਤੀ ਪੇਸ਼ ਕਰਨੀ ਸੀ ਪਰ ਪਿਛਲੇ 12 ਸਾਲਾਂ ਭਾਵ 2008 ਤੋਂ 2015 ਤੱਕ ਸਾਬਕਾ ਪ੍ਰਧਾਨ ਮੰਤਰੀ ਗਰਪਰ ਅਤੇ 2015 ਤੋਂ 2019 ਤੱਕ ਜਸਟਿਨ ਟਰੂਡੋ ਦੇ ਰਾਜ ਭਾਗ ਦੇ ਸਮੇਂ ਦੌਰਾਨ ਤੱਕ ਕੋਈ ਸਪੱਸ਼ਟ ਨਜ਼ਰੀਆਂ (ਤੀਸ਼ੀਂ) ਸਾਹਮਣੇ ਨਹੀਂ ਆਇਆ ਹੈ। ਆਰਥਿਕ ਆਜ਼ਾਦੀ ਅਤੇ ਜਮਹੂਰੀਅਤ ਲਈ ਸੰਘਰਸ਼ਸ਼ੀਲ ਦੇਸ਼ਾਂ ਪ੍ਰਤੀ ਅਸੀਂ ਅਜੇ ਵੀ ਸਪੱਸ਼ਟ ਨਹੀਂ ਹਾਂ। ਠੰਡੀ ਜੰਗ ਦੇ ਖ਼ਾਤਮੇ ਬਾਦ ਵੀ ਕੈਨੇਡਾ ਨਾਟੋ ਦਾ ਭਾਈਵਾਲ ਬਣਿਆ ਹੋਇਆ ਹੈ। ਯੂ.ਐਨ ਦੀਆਂ ਮੀਟਿੰਗਾਂ ਅੰਦਰ ਕੈਨੇਡਾ ਇੱਕ ਮਹਾਂਸ਼ਕਤੀ ਹੁੰਦਿਆਂ ਹੋਇਆ, ਸੰਸਾਰ ਅਮਨ, ਹਥਿਆਰਾਂ ਦੀ ਦੌੜ ਖ਼ਤਮ ਕਰਨ, ਆਪਸੀ ਸਗਿਯੋਗ ਰਾਹੀਂ ਵਾਤਾਵਰਨ ਦੀ ਰੱਖਿਆ ਅਤੇ ਜੀ-20 ਦੇਸ਼ਾਂ ਅੰਦਰ ਗਰੀਬੀ-ਗੁਰਬਤ ਖ਼ਤਮ ਕਰਨ ਲਈ ਕੌਮਾਂਤਰੀ ਪਿੜ 'ਤੇ ਪੂਰਾ ਤਾਂ ਕੀ ਉਤਰਨਾ, ਸਗੋਂ ਯੂ.ਐਨ.ਅੰਦਰ ਸਥਾਈ ਮੈਂਬਰਸ਼ਿਪ ਵੀ ਪ੍ਰਾਪਤ ਨਹੀਂ ਕਰ ਸਕਿਆ ਹੈ ? ਕੈਨੇਡਾ ਅੰਦਰ ਹਾਕਮਾਂ ਦੇ ਉਪਰੋਕਤ ਮੁੱਦਿਆਂ ਪ੍ਰਤੀ ਨਜ਼ਰੀਏ ਅਨੁਸਾਰ ਹੀ ਕੈਨੇਡਾ ਦੇ ਹਿੱਤ 'ਚ ਪਾਰਟੀਆਂ ਨੂੰ ਪਰਖ ਕੇ ਸਾਨੂੰ ਵੋਟ ਪਾਉਣੀ ਚਾਹੀਦੀ ਹੈ ?

ਕੈਨੇਡਾ ਦੇ ਅੰਕੜਾ ਵਿਭਾਗ ਅਨੁਸਾਰ ਅੱਧੇ ਤੋਂ ਵੱਧ ਕੈਨੇਡੀਅਨ ਅਜਿਹੇ ਹਨ, ਜਿਨ੍ਹਾਂ ਪਾਸ ਕਿਸੇ ਐਮਰਜੈਂਸੀ ਦੇ ਟਾਕਰੇ ਲਈ 10,000 ਡਾਲਰ ਵੀ ਨਹੀਂ ਹੁੰਦੇ ਹਨ ? ਕੌਮੀ ਕਰਜ਼ਾ 6.93 ਖਰਬ ਡਾਲਰ ਤੋਂ ਵੱਧ ਖੜ੍ਹਾ ਹੈ। ਬੱਚਿਆਂ ਦੀ ਦੇਖਭਾਲ (ਛ੍ਹੀਲਧ ਛਅਓ) ਸਮਾਜਕ, ਸੁਰੱਖਿਆ (ਸ਼ੋਛੀਅਲ ਸ਼ਓਛ੍ਹੀਠੈ), ਘੱਟੋ ਘੱਟ ਉਜ਼ਰਤ, ਹੈਲਥ ਕੇਅਰ, ਸੀਨੀਅਰਾਂ ਦੀ ਦੇਖ ਭਾਲ ਆਦਿ ਕਈ ਅਜਿਹੇ ਮੁੱਦੇ, ਭਾਵੇਂ ਰਾਜਾਂ ਨਾਲ ਵੀ ਸਬੰਧਤ ਹਨ? ਪਰ ਵਿਤੀ ਸਹਾਇਤਾ ਅਤੇ ਵਿਤੀ ਸੰਕਟ ਦੋਨੋਂ ਸੰਘੀ ਤੇ ਰਾਜ ਸਰਕਾਰਾਂ ਦੀਆਂ ਨੀਤੀਆਂ ਕਾਰਨ ਪ੍ਰਭਾਵਤ ਹੋਣ ਕਰਕੇ, ਇਨ੍ਹਾਂ ਦੀ ਪੂਰਤੀ ਲਈ ਫੰਡਾਂ 'ਚ ਹੁੰਦੀਆਂ ਕਟੌਤੀਆਂ ਕਾਰਨ, 'ਆਮ ਲੋਕਾਂ ਦੇ ਅਧਿਕਾਰਾਂ 'ਤੇ ਇੱਕ ਨੰਗਾ-ਚਿੱਟਾ ਹਮਲਾ ਹੋ ਰਿਹਾ ਹੈ'। ਆਮ ਜਨਤਾ 'ਤੇ ਦਰਜਨਾਂ ਤੋਂ ਵੱਧ ਟੈਕਸਾਂ ਦਾ ਬੋਝ ਪਾਇਆ ਜਾ ਰਿਹਾ ਹੈ ? ਪਰ ਕਾਰ-ਪੋਰੇਟ, ਪੂੰਜੀਪਤੀ ਅਤੇ ਗੈਸ ਤੇ ਤੇਲ ਮਾਲਕਾਂ ਨੂੰ ਬਿਲੀਅਨ ਡਾਲਰਾਂ ਦੀਆਂ ਛੋਟਾਂ ਤੇ ਸਬਸਿਡੀਆਂ ਦਿੱਤੀਆਂ ਜਾਂ ਰਹੀਆਂ ਹਨ। ਉਪਰੋਕਤ ਵਰਤਾਰਿਆਂ ਰਾਹੀਂ ਕੈਨੇਡਾ ਅੰਦਰ ਰਾਜ ਕਰਦੀਆਂ ਆ ਰਹੀਆਂ ਹਾਕਮ ਪਾਰਟੀਆਂ ਦਾ ਲੋਕਾਂ ਪ੍ਰਤੀ ਨਜ਼ਰੀਆਂ ਅੱਜ ਸਪੱਸ਼ਟ ਹੈ। ਭਾਵੇਂ ਉਹ ਚਾਰ ਸਾਲਾਂ ਬਾਦ ਰੰਗ ਬਦਲ ਲੈਂਦੀਆਂ ਹਨ ? ਪਰ ਉਨ੍ਹਾਂ ਦੀਆਂ ਨੀਤੀਆਂ ਪਿਛਲੀਆਂ ਹੀ ਲਾਗੂ ਰਹਿੰਦੀਆਂ ਹਨ ? ਕੈਨੇਡਾ ਦੀ ਵਾਧਾਦਰ 2.1 ਫੀਸਦੀ ਸੀ (2018), ਜੋ ਪਹਿਲਾ 3 ਫੀਸਦੀ ਸੀ ? ਸਾਲ ਦੇ ਅੰਤ ਤੱਕ ਵਾਧਾ ਦਰ 2 ਫੀਸਦੀ ਹੀ ਰਹਿਣ ਦੀ ਆਸ ਹੈ। ਅਮਰੀਕਾ ਵੱਲੋਂ ਵਧਾਏ ਟੈਰਿਫ ਰੇਟਾਂ ਕਾਰਨ ਇਸ ਦੀ ਮਾਰ ਕੈਨੇਡੀਅਨ ਰੁਜ਼ਗਾਰ 'ਤੇ ਪਏਗੀ ਅਤੇ ਅਮਰੀਕੀ ਡਾਲਰ ਮਜ਼ਬੂਤ ਹੋਣ ਕਰਕੇ ਕੈਨੇਡੀਅਨ ਡਾਲਰ ਦੱਬਿਆ (ਲੌਿਓ) ਰਹੇਗਾ ? ਇਸ ਵੇਲੇ ਕਨੈਡੀਅਨ ਲੋਕਾਂ ਨੂੰ ਸਭ ਤੋਂ ਵੱਧ ਖ਼ਤਰਾ ਹਰ ਵੇਲੇ ਰੁਜ਼ਗਾਰ ਖੁੱਸਣ ਦਾ ਰਹਿੰਦਾ ਹੈ ? ਕਿਉਂਕਿ ਰਾਜਨੀਤੀ ਅਤੇ ਆਰਥਿਕ ਨੀਤੀਆਂ ਅੰਦਰ ਕੋਈ ਵੱਡੀ ਤਬਦੀਲੀ ਦੀ ਸੰਭਾਵਨਾ ਨਜ਼ਰ ਨਹੀਂ ਆਂ ਰਹੀ ਹੈ ? ਇਸ ਲਈ ਮੌਜੂਦਾ ਸੰਸਾਰ ਸੱਜ-ਪਿਛਾਖੜ ਵੱਲ ਰਾਜਨੀਤਕ ਝੁਕਾਅ ਤੋਂ ਸੁਚੇਤ ਰਹਿੰਦੇ ਹੋਏ, ਵੋਟਰਾਂ ਨੂੰ ਰੀਗਨ-ਥੈਚਰ ਪੱਖੀ ਆਰਥੋਡੈਕਸ ਪੂੰਜੀਵਾਦੀ ਟੋਰੀਆ ਦੇ ਰੂਪ ਵਿੱਚ ਜੋ ਰੋਮਨ ਕੈਥੋਲਿਕ ਸੋਚ ਵਾਲੀ ਕੰਜ਼ਰਵੇਟਿਵ ਪਾਰਟੀ ਹੈ, ਨੂੰ ਮੂੰਹ ਨਹੀਂ ਲਾਉਣਾ ਚਾਹੀਦਾ ?

ਕੈਨੇਡਾ ਦੇ ਸੁਚੇਤ ਲੋਕਾਂ ਅਤੇ ਕਿਰਤੀ ਜਮਾਤ ਨੂੰ ਸਮੁੱਚੇ ਭਾਈਚਾਰੇ ਨੂੰ ਨਾਲ ਲੈ ਕੇ ਉਹ ਨੀਤੀਆਂ ਜਿਹੜੀਆਂ ਕੈਨੇਡੀਅਨ ਕਨ-ਸਮੂਹ ਅੰਦਰ ਨਫ਼ਰਤ, ਲਿੰਗਕ, ਹੋਮੋਫੋਬੀਆਂ ਤੇ ਟਰਾਂਫੋਧੀਆਂ ਆਦਿ ਵਿਤਕਰੇ ਪੈਦਾ ਕਰਨ, ਅਜਿਹੀ ਰਾਜਨੀਤੀ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ ਹੈ ? ਅੱਜ ਦੇ ਨਵ-ਉਸਾਰੀਵਾਦ ਦੇ ਵਰਤਾਰੇ ਕਾਰਨ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਰਹੀ ਮੁਫ਼ਤ, ਪਬਲਿਕ ਅਤੇ ਪੋਸਟ ਸੈਕੰਡਰੀ ਸਿੱਖਿਆ ਦੇ ਅਧਿਕਾਰ, ਰੁਣਗਾਰ ਦਾ ਰੁਜ਼ਗਾਰ ਅਤੇ ਰਿਹਾਇਸ਼ ਦੇ ਅਧਿਕਾਰ ਨੂੰ ਲਾਜ਼ਮੀ ਬਣਾਉਣ ਲਈ ਰਾਜਸ਼ੀਲ ਪਾਰਟੀ ਦੀ ਹੀ ਚੋਣ ਕਰਨੀ ਚਹਦੀ ਹੈ। ਕੈਨੇਡਾ ਦੀ ਸਮਰਿਧੀ-ਮੂਲਵਾਸੀ ਲੋਕਾਂ ਦੇ ਹੱਕਾਂ ਦੀ ਰਾਖੀ, ਲਿੰਗਕ ਬਰਾਬਰਤਾ ਅਤੇ ਕੈਨੇਡੀਅਨ ਕਲਚਰ ਦੀ ਬਹਾਲੀ ਨਾਲ ਹੀ ਮਜ਼ਬੂਤ ਹੋ ਸਕਦੀ ਹੈ। ਪ੍ਰਵਾਸੀਆਂ ਲਈ ਜਮਹੂਰੀ ਪਾਲਸੀ ਜਿਸ ਅਧੀਂ ਗੈਰ ਕਾਨੂੰਨੀ ਪ੍ਰਵਾਸ ਅਧੀਂ ਵਾਪਸੀ ਬੰਦ ਕਰਨੀ, ਪ੍ਰਵਾਸੀ ਪੀ.ਆਰ. ਕੈਨੇਡੀਅਨ ਲੋਕਾਂ ਨੂੰ ਆਪਣੇ ਮਾਂ-ਬਾਪ, ਦਾਦਾ-ਦਾਦੀ ਅਤੇ ਨਾਨਾ-ਨਾਨੀ ਨਾਲ ਸਥਾਈ ਜੋੜਨ ਲਈ ਪਹਿਲਾ ਵਾਲੀ ਬਹਾਲੀ ਪਾਲਸੀ ਜਾਰੀ ਕਰਨੀ ਚਾਹੀਦੀ ਹੈ। ਲਿਵ-ਇਨ-ਕੇਅਰ ਗਿਵਰ ਪ੍ਰੋ. ਘਰਾਮ ਸਕਰੈਪ ਕਰਕੇ ਸਪੱਸ਼ਟ ਤੇ ਕਲੀਅਰ ਪਹੁੰਚ ਵਾਲਾ ਕਨੂੰਨ ਜਿਸ ਰਾਹੀਂ ਪੀ. ਆਰ. ਅਤੇ ਸਿਟੀਜਨ ਅਤੇ ਪ੍ਰਵਾਸੀ ਕਿਰਤੀ ਕੈਨੇਡਾ ਸਥਾਈ ਤੌਰ 'ਤੇ ਪਹੁੰਚ ਜਾਣ ਵਾਲਾ ਹੋਣਾ ਚਾਹੀਦਾ ਹੈ।

ਕੈਨੇਡਾ ਰਕਬੇ ਵਲੋਂ ਦੁਨੀਆਂ ਦਾ ਦੂਸਰਾ ਵੱਡਾ ਦੇਸ਼ ਹੈ। ਪਰ ਇਸ ਦੀ ਆਬਾਦੀ 3.94,91,203 (31.07.2019) ਹੈ। ਨਸਲਾਂ ਦੇ ਪੱਖੋਂ ਅੰਗਰੇਜ਼-18.3 ਫੀਸਦ, ਸਕੋਟਿਸ਼-13.9 ਫੀਸਦ, ਫਰੈਂਚ-13.6 ਫੀਸਦ, ਆਏਰਿਸ਼-13.4 ਫੀਸਦ, ਜਰਮਨ-9.6 ਫੀਸਦ, ਚੀਨੀ-5.1 ਫੀਸਦ, ਮੂਲ ਵਾਸੀ-4.9 ਫੀਸਦ, ਭਾਰਤੀ-3.8ਫੀਸਦ, ਜਿਨ੍ਹਾਂ ਵਿੱਚੋਂ 1,84,320 ਐਨ ਆਰ ਆਈ ਤੇ 8,31,865 ਪੀ. ਆਈ. ਓ. ਖੁਲ 10,16,185 (27.1.2018), ਹਿੰਦੂ 1.5 ਫੀਸਦ ਅਤੇ ਸਿੱਖ 1.4 ਫੀਸਦ ਹਨ। ਯਹੂਦੀ 1.1 ਫੀਸਦ, ਮੁਸਲਿਮ 3.2 ਫੀਸਦ ਅਤੇ ਬੋਧੀ 1.1 ਫੀਸਦ ਹਨ। ਕੈਨੇਡਾ ਦੇ ਅਸਲੀ ਵਸਨੀਕਾਂ (ਵਾਸੀ) ਦੀ ਗਿਣਤੀ 16,73,785 ਹੈ। 67 ਫੀਸਦ ਇਸਾਈ ਧਰਮ ਨੂੰ ਅਤੇ 24 ਫੀਸਦ ਅਜਿਹੇ ਹਨ ਜੋ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ ਹਨ। ਕੈਨੇਡਾ ਭਾਵੇਂ ਦੋ ਭਾਸ਼ਾਈ ਦੇਸ਼ ਹੈ, ਪਰ 56 ਫੀਸਦ ਅੰਗਰੇਜ਼ੀ ਅਤੇ 20.6 ਫੀਸਦ ਫਰੈਂਚ ਬੋਲਣ ਵਾਲੇ ਹਨ। ਕੁਦਰਤੀ ਤੌਰ 'ਤੇ ਦੁਨੀਆਂ ਦਾ ਇੱਕ ਖੂਬਸੂਰਤ ਦੇਸ਼, ਜਿੱਥੇ ਅਸਲੀ ਵਸਨੀਕ ਤੇ ਮਾਲਕ, 'ਕਨੈਡਾ ਦੇ ਹਾਸ਼ੀਏ ਤੋਂ ਵੀ ਪਰੇ ਧੱਕੇ ਜਾ ਚੁੱਕੇ ਹਨ। ਯੂਰਪ ਅਤੇ ਹੋਰ ਦੇਸ਼ਾਂ ਤੋਂ ਆਏ ਪ੍ਰਵਾਸੀ ਅੱਜ ਕੇਂਡਾ ਦੀ ਰਾਜ ਨਸਤਾ ਤੇ ਕਾਬਜ਼ ਹੋ ਕੇ ਰਾਜ ਕਰ ਰਹੇ ਹਨ ?

ਕੈਨੇਡਾ ਦੀ 42-ਵੀਂ ਸੰਸਦ ਅੰਦਰ ਕੋਈ ਡੇੜ ਦਰਜਨ ਭਾਰਤੀ ਮੂਲ ਦੇ ਚੁਣੇ ਗਏ ਸੰਸਦਾਂ 'ਚ ਵੱਡੀ ਗਿਣਤੀ ਪੰਜਾਬੀ ਸਿੱਖ ਭਾਈ ਚਾਰੇ ਨਾਲ ਸਬੰਧ ਰੱਖਦੀ ਹੈ। ਭਾਵੇਂ ਉਹ ਮੁੱਖ ਤਿੰਨ ਪਾਰਟੀਆਂ ਦੇ ਉਮੀਦਵਾਰਾਂ ਵੱਲੋਂ ਚੁਣੇ ਗਏ ਸਨ ? ਪਰ ਹੁਣ ਵੇਖਣਾ ਹੈ ਕਿ ਬਦਲੇ ਸਮੀਕਰਨਾਂ ਅੰਦਰ ਵੋਟਰ, '21 ਅਕਤੂਬਰ ਨੂੰ ਕਿਸ ਉਮੀਦਵਾਰ ਦੇ ਹੱਕ ਵਿੱਚ ਫੈਸਲਾ ਕਰਦੇ ਹਨ ? 1897 ਨੂੰ ਪਹਿਲੀ ਵਾਰ ਭਾਰਤੀ ਫੌਜੀ, ਜਿਨ੍ਹਾਂ ਵਿੱਚੋਂ ਬਹੁਤੇ ਪੰਜਾਬੀ ਫੌਜੀ ਸਨ, 'ਕਨੈਡਾ ਦੀ ਧਰਤੀ 'ਤੇ ਪੈਰ ਧਰੇ ਸਨ। 1904 ਤੱਕ 45 ਪੰਜਾਬੀ ਬੀ.ਸੀ. ਵਿੱਚ, ਪੈਸੀਫਿਕ ਸਮੁੰਦਰ ਰਾਹੀਂ ਦਾਖਲ ਹੋਏ ਸਨ ? ਪੰਜਾਬੀਆਂ ਨੇ ਅੱਜ ਦੀ ਮੰਜ਼ਿਲ ਤੱਕ ਪੁਜਣ ਲਈ, ਇੱਕ ਬਹੁਤ ਲੰਬਾ ਇਤਿਹਾਸ ਸ਼ੁਰੂ ਕੀਤਾ ਹੈ। ਗਦਰ ਪਾਰਟੀ, ਕੋਮਾਗਾਟਾ ਮਾਰੂ ਘਟਨਾ, ਸਖ਼ਤ ਪ੍ਰਵਾਸੀ ਕਨੂੰਨ, ਰੋਕਾਂ, ਨਫ਼ਰਤ, ਠੰਡਾਂ-ਮੌਸਮ, ਇਕੱਲਤਾ ਤੇ ਹੋਰ ਬਹੁਤ ਸਾਰੀਆਂ ਰੋਕਾਂ ਨੂੰ ਪਾਰ ਕਰਦੇ, ਸਾਡੇ ਉਨ੍ਹਾਂ ਬਜ਼ੁਰਗਾਂ ਨੇ ਸਿਰੜ, ਕੁਰਬਾਨੀ ਅਤੇ ਸੰਘਰਸ਼ਾਂ ਰਾਹੀਂ ਇੱਕ ਇਤਿਹਾਸ ਸਿਰਜਿਆ ਸੀ ? ਉਨ੍ਹਾਂ ਦੇ ਸਿਰਜੇ ਇਸ ਇਤਿਹਾਸ ਅੰਦਰ ਜੋ ਸਾਨੂੰ ਵਸੀਅਤ ਮਿਲੀ ਸੀ, ਉਨ੍ਹਾਂ ਨੇ ਸਭ ਤੋਂ ਵੱਡਾ ਪਾਠ, ਸਾਮਰਾਜ ਵਿਰੋਧੀ, ਦੇਸ਼ ਭਗਤੀ, ਧਰਮ ਨਿਰਪੱਖਤਾ ਅਤੇ ਸਮਾਜਵਾਦੀ ਪ੍ਰੰਪਰਾਵਾਂ ਨੂੰ ਕਾਇਮ ਰੱਖਣ ਦਾ ਪੜ੍ਹਾਇਆ ਸੀ। ਰਹਿਣ ਤੇ ਪ੍ਰਵਾਸ ਦਾ ਹੱਕ, ਘੱਟੋ ਘੱਟ ਉਜ਼ਰਤ, ਵੋਟ ਦਾ ਅਧਿਕਾਰ, ਉਨ੍ਹਾਂ ਸਿਰਲੱਥ ਯੋਧਿਆਂ ਦੇ ਸੰਘਰਸ਼ਾਂ ਦਾ ਸਿੱਟਾ ਸੀ। ਜਿਸ ਕਰਕੇ ਅਸੀਂ ਇੱਥੇ ਮਾਣ ਨਾਲ ਸਿਰ ਉੱਚਾ ਕਰਕੇ ਅਣਖ ਨਾਲ ਜੀਅ ਰਹੇ ਹਾਂ। "ਬਾਬਾਣੀਆਂ, ਕਹਾਣੀਆਂ ਪੁਤ ਸਪੁਤ ਕਰੇਨਿ ਦੇ ਇਸ ਵਿਰਸੇ ਨੂੰ ਹੁਣ ਮਾਂ ਦਾ ਕੋਈ ਪੰਜਾਬੀ ਲਾਲ, ਤੋੜ ਨਿਭਾਏ ਅਤੇ ਉਨ੍ਹਾਂ ਦੇਸ਼ ਭਗਤਾਂ ਦੀ ਸੋਚ 'ਤੇ ਪੈਹਰਾ ਦੇਣ ਲਈ ਅੱਗੇ ਆਏ ਤਾਂ ਹੀ ਲੋਕਾਂ ਦੀ ਜਿੱਤ ਹੋਵੇਗੀ ?

ਅੱਜ ਅਮਲ ਵਿੱਚ ਲਿਬਰਲ ਪਾਰਟੀ ਦੇ ਉਦਾਰੀਵਾਦੀ ਨਾਹਰਿਆ ਨੇ ਸੱਜੇ-ਪੱਖੀ ਕੰਜ਼ਰਵੇਟਿਵ ਸੱਜ ਪਿਛਾਖੜ ਰਾਜਨੀਤੀ ਨੂੰ ਬਲ ਬਖ਼ਸ਼ਿਆ ਹੈ। ਕਿਉਂਕਿ ਲੋਕ ਪੱਖੀ ਅਤੇ ਜਮਹੂਰੀ ਸ਼ਕਤੀਆਂ ਕਮਜ਼ੋਰ ਹੋਣ ਕਰਕੇ, ਸਿੱਟੇ ਵੱਜੋਂ ਨਵੇਂ ਕਿਸਮ ਦੀ ਨਕਲੀ-ਜਮਹੂਰੀਅਤ ਕੈਨੇਡਾ ਅੰਦਰ ਮਜ਼ਬੂਤ ਹੋਈ ਹੈ ? ਉਨਟਾਰੀਓ ਪ੍ਰਾਂਤ ਤੇ ਅਲਬਰਟਾ ਅੰਦਰ, ਫੈਡਰਲ ਮੰਚ 'ਤੇ ਲਿਬਰਲ ਦੀਆਂ ਉਦਾਰਵਾਦੀ ਨੀਤੀਆਂ ਕਾਰਨ ਉਸ ਵਿਰੁੱਧ ਖਾਲੀ ਹੋਏ ਰਾਜਨੀਤਕ ਖਲਾਅ ਨੂੰ ਐਨ.ਡੀ ਪੀ. ਅਤੇ ਖੱਬੀਆਂ ਸ਼ਕਤੀਆਂ ਵੱਲੋਂ ਨਾ ਭਰ ਸਕਣ ਕਾਰਨ, ਸੱਜ-ਪਿਛਾਖੜ ਜੈਸਿਨ ਕੇਨੀ ਤੇ ਡੋਗ ਫੋਰਡ ਦਾ ਅੱਗੇ ਆਉਣਾ ਹੈ। ਟਰੂਡੋ ਵੱਲੋਂ 2015 ਬਾਦ ਅੱਜ ਤੱਕ ਕੀਤੇ ਵਾਹਦੇ ਪੂਰੇ ਨਾ ਕਰਨਾ ਤੇ ਐਨ. ਡੀ ਪੀ. ਤ੍ਹਲੋਂ ਕੇਂਦਰ ਅੰਦਰ ਇਨ੍ਹਾਂ ਨੀਤੀਆਂ ਵਿਰੁੱਧ ਲੋਕ-ਪੱਖੀ ਬਦਲ ਕਮਜ਼ੋਰ ਪੇਸ਼ ਕੀਤਾ ? ਹੁਣ ਉਭਰ ਰਹੀਆਂ ਸੱਜ-ਪਿਛਾਖੜ ਸ਼ਕਤੀਆਂ ਨੂੰ ਪਿਛਾੜਨ ਲਈ 'ਸਾਂਝੀ ਲੋਕ ਪੱਖੀ ਰਾਜਸੀ ਰਣਨੀਤੀ ਹੀ ਕਾਰਗਰ ਹੋ ਸਕਦੀ ਹੈ।

ਜਗਦੀਸ਼ ਸਿੰਘ ਚੋਹਕਾ
001-403-285-4208
(ਕੈਲਗਰੀ)












# ਪੰਜਾਬ ਸਰਕਾਰ ਨਸ਼ਿਆਂ ਨੂੰ ਵਡਿਆਉਂਦੇ ਗਾਇਕਾਂ, ਕਲਾਕਾਰਾਂ ਨੂੰ ਨੱਥ ਪਾਏਗੀ

ਚੰਡੀਗੜ੍ਹ, 13 ਅਗਸਤ (ਪੋਸਟ ਬਿਊਰੋ)- ਪੰਜਾਬ ਦੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਦੇ ਕਲਾਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਫ਼ਿਲਮਾਂ ਅਤੇ ਗੀਤਾਂ ਰਾਹੀਂ ਪਾਬੰਦੀ ਸ਼ੁਦਾ ਨਸ਼ਿਆਂ ਨੂੰ ਉਤਸ਼ਾਹਤ ਨਾ ਕਰਨ। ਇਸ ਨੂੰ ਠੱਲ੍ਹ ਪਾਉਣ ਲਈ ਪੰਜਾਬ ਸਰਕਾਰ ਛੇਤੀ ਹੀ ਸਖ਼ਤ ਕਾਨੂੰਨ ਵੀ ਬਣਾਉਣ ਵਾਲੀ ਹੈ।

ਉੱਘੇ ਲੋਕ ਗਾਇਕ ਪਰਮਜੀਤ ਸਿੰਘ ਸਿੱਧੂ (ਪੰਮੀ ਬਾਈ) ਅੱਜ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਨਾਲ ਇਸ ਗੰਭੀਰ ਮੁੱਦੇ ਨੂੰ ਵਿਚਾਰਨ ਲਈ ਮਿਲਣ ਗਏ ਸਨ, ਉਨ੍ਹਾਂ ਪੰਜਾਬ ਸਰਕਾਰ ਦੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਹੈ। ਇਸ ਮੌਕੇ ਮੰਤਰੀ ਚੰਨੀ ਨੇ ਨਸ਼ਿਆਂ ਦੀ ਦਲਦਲ ਵਿਚ ਧੱਸੀ ਪੰਜਾਬ ਦੀ ਜਵਾਨ ਪੀੜ੍ਹੀ ਦੀ ਚਿੰਤਾ ਕਰਦਿਆਂ ਕਿਹਾ ਕਿ ਪੰਜਾਬੀ ਕਲਾਕਾਰਾਂ ਨੇ ਫ਼ਿਲਮਾਂ ਤੇ ਗੀਤਾਂ ਰਾਹੀਂ ਨਸ਼ਿਆਂ ਨੂੰ ਬਹੁਤ ਉਤਸ਼ਾਹਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਇਹ ਵੀ ਵੱਡਾ ਕਾਰਨ ਹੈ ਕਿ ਇਨ੍ਹਾਂ ਕਲਾਕਾਰਾਂ ਨੂੰ



ਆਪਣਾ ਰੋਲ ਮਾਡਲ ਮੰਨਦੀ ਨੌਜਵਾਨ ਪੀੜ੍ਹੀ ਇਨ੍ਹਾਂ ਦੇ ਗੀਤ ਤੇ ਫ਼ਿਲਮਾਂ ਦੇਖ ਕੇ ਇਸ ਪਾਸੇ ਵੱਲ ਖਿੱਚੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਲਈ ਜ਼ਰੂਰੀ ਹੈ ਕਿ ਪੰਜਾਬੀ ਕਲਾਕਾਰ ਪੰਜਾਬ ਦੇ ਨੌਜਵਾਨਾਂ ਨੂੰ ਗਲਤ ਕੰਮਾਂ ਵੱਲ ਉਤਸ਼ਾਹਿਤ ਨਾ ਕਰਨ। ਚੰਨੀ ਨੇ ਕਿਹਾ ਕਿ ਕਲਾਕਾਰਾਂ ਦਾ ਫ਼ਰਜ਼ ਹੈ ਕਿ ਪੰਜਾਬੀ ਸਭਿਆਚਾਰ ਦੀ ਅਸਲ ਤਸਵੀਰ ਦੁਨੀਆਂ ਅੱਗੇ ਪੇਸ਼ ਕਰਨ, ਜਿਸ ਨਾਲ ਪੰਜਾਬ ਦਾ ਨਾਮ ਦੁਨੀਆਂ ਵਿਚ ਉਭਰੇ। ਉਨ੍ਹਾਂ ਕਿਹਾ ਕਿ ਜੇ ਕਲਾਕਾਰ ਫ਼ਿਲਮਾਂ ਤੇ ਗੀਤਾਂ ਰਾਹੀਂ ਪੰਜਾਬ ਦੀ ਚੰਗੀ ਤਸਵੀਰ ਪੇਸ਼ ਕਰਨ ਤਾਂ ਨਾਲ ਸੈਰ ਸਪਾਟਾ ਵੀ ਉਤਸ਼ਾਹਤ ਹੋਵੇਗਾ।

ਪ੍ਰਮੁੱਖ ਪੰਜਾਬੀ ਗਾਇਕ ਪੰਮੀ ਬਾਈ ਨੇ ਇਸ ਮੌਕੇ ਕਿਹਾ ਕਿ ਪੰਜਾਬੀ ਗਾਇਕੀ ਰਾਹੀਂ ਫੈਲਾਏ ਜਾਂਦੇ ਇਸ ਗੰਦ ਨੂੰ ਦੂਰ ਕਰਨ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਪੰਜਾਬੀ ਗੀਤਾਂ ਅਤੇ ਫਿਲਮਾਂ ਰਾਹੀਂ ਨਸ਼ਿਆਂ ਨੂੰ ਉਤਸ਼ਾਹਿਤ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਦਮ ਚੁੱਕਦੀ ਹੈ ਤਾਂ ਉਹ ਪੂਰੀ ਹਮਾਇਤ ਕਰਨਗੇ।

## ਨਾਜਾਇਜ਼ ਮਾਈਨਿੰਗ ਦਾ ਮਾਮਲਾ

# ਪ੍ਰਤਾਪ ਸਿੰਘ ਬਾਜਵਾ ਨੇ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਲਿਖੀ

ਜਲੰਧਰ, 13 ਅਗਸਤ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਪਾਰਲੀਮੈਂਟ ਮੈਂਬਰ (ਰਾਜ ਸਭਾ) ਪ੍ਰਤਾਪ ਸਿੰਘ ਬਾਜਵਾ ਨੇ ਕੱਲ੍ਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਮ ਪੱਤਰ ਲਿਖ ਕੇ ਪਠਾਨਕੋਟ ਖੇਤਰ ਵਿੱਚ ਨਾਜਾਇਜ਼ ਮਾਈਨਿੰਗ ਦੇ ਧੜੱਲੇ ਨਾਲ ਚੱਲਦੇ ਧੰਦੇ ਨੂੰ ਚਲਾਉਣ ਵਾਲਿਆਂ ਉੱਤੇ ਸਖ਼ਤ ਕਾਰਵਾਈ ਕਰਨ ਦੀ ਬੇਨਤੀ ਕੀਤੀ ਹੈ।

ਪ੍ਰਤਾਪ ਸਿੰਘ ਬਾਜਵਾ ਨੇ ਲਿਖਿਆ ਹੈ ਕਿ ਪਠਾਨਕੋਟ ਵਿੱਚ ਵੱਡੇ ਪੱਧਰ ਉੱਤੇ ਨਾਜਾਇਜ਼ ਮਾਈਨਿੰਗ ਹੋਣ ਕਾਰਨ ਚੱਕੀ ਨਦੀ ਵਿੱਚ ਰੇਲਵੇ ਪੁਲ ਦੇ ਕੰਢੇ 100 ਫੁੱਟ ਡੂੰਘੇ ਟੋਏ ਬਣ ਗਏ ਹਨ, ਜੋ ਪੰਜਾਬ ਦੇ ਪਠਾਨਕੋਟ ਜ਼ਿਲ੍ਹੇ ਨੂੰ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ ਨਾਲ ਜੋੜਨ ਵਾਲੇ ਸੜਕੀ ਪੁਲ ਲਈ ਖ਼ਤਰਾ ਹਨ। ਬਾਜਵਾ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੁਰਬੀਰ ਸਿੰਘ ਪਨੂੰ ਬਨਾਮ ਪੰਜਾਬ ਰਾਜ ਅਤੇ ਹੋਰਨਾਂ ਬਾਰੇ ਕੇਸ ਵਿੱਚ ਅਪ੍ਰੈਲ 2013 ਵਿੱਚ ਪੰਜਾਬ ਸਰਕਾਰ ਨੂੰ ਨਾਜਾਇਜ਼ ਮਾਈਨਿੰਗ ਰੋਕਣ ਅਤੇ ਮੁੱਖ ਦੋਸ਼ੀਆਂ ਨੂੰ ਫੜਨ ਦੇ ਹੁਕਮ ਦਿੱਤੇ ਸੀ, ਇਸ ਦੇ ਬਾਵਜੂਦ ਨਾ ਤਾਂ ਨਾਜਾਇਜ਼ ਮਾਈਨਿੰਗ ਬੰਦ ਹੋਈ ਅਤੇ ਨਾ ਮੁੱਖ ਸਾਜ਼ਿਸ਼ੀਏ ਫੜੇ ਗਏ ਹਨ। ਅਧਿਕਾਰੀਆਂ ਨੇ ਮਾਰਚ 2017 ਤੋਂ 2018 ਤੱਕ ਨਾਜਾਇਜ਼



ਮਾਈਨਿੰਗ ਉੱਤੇ ਕਰੀਬ 4284 ਕੇਸ ਦਰਜ ਕੀਤੇ ਹਨ, ਪਰ ਵੱਡੇ ਪੱਧਰ 'ਤੇ ਨਾਜਾਇਜ਼ ਮਾਈਨਿੰਗ ਨਾਲ ਸਰਕਾਰੀ ਮਾਲੀਏ ਨੂੰ ਭਾਰੀ ਨੁਕਸਾਨ ਅਜੇ ਤੱਕ ਹੋਈ ਜਾਂਦਾ ਹੈ। ਬਾਜਵਾ ਨੇ ਦੱਸਿਆ ਕਿ ਵਿਸ਼ੇਸ਼ ਤੌਰ 'ਤੇ ਜੁਲਾਈ 2019 ਤਕ ਮਾਈਨਿੰਗ ਲਈ ਪਠਾਨਕੋਟ ਵਿੱਚ 220 ਤੋਂ ਵੱਧ ਕ੍ਰੈਸ਼ਰ ਦਾ ਉਪਯੋਗ ਕੀਤਾ ਗਿਆ। ਇਸ ਨਾਜਾਇਜ਼ ਧੰਦੇ ਨੂੰ ਰੋਕਣ ਲਈ ਪੰਜਾਬ ਮਾਈਨਿੰਗ ਐਂਡ ਜਿਓਲਜੀ ਡਿਪਾਰਟਮੈਂਟ ਨੇ ਪਠਾਨਕੋਟ ਕਲਸਟਰ ਲਈ ਈ-ਨੀਲਾਮੀ ਕਰ ਕੇ 62.81 ਕਰੋੜ ਦਾ ਮਾਲੀਆ ਕਮਾਇਆ ਸੀ। ਉਨ੍ਹਾਂ ਨੇ ਇਕ ਅਖ਼ਬਾਰੀ ਰਿਪੋਰਟ ਦੇ ਹਵਾਲੇ ਨਾਲ ਕਿਹਾ ਕਿ ਦੋ ਅਗਸਤ 2019 ਵੱਲ ਨੀਲਾਮੀ ਦੇ ਬਾਵਜੂਦ ਕੁਝ ਲੋਕਾਂ ਨੂੰ ਨਾਜਾਇਜ਼ ਮਾਈਨਿੰਗ ਪਠਾਨਕੋਟ ਲੈ ਜਾਂਦੇ ਦੇਖਿਆ ਗਿਆ ਹੈ। ਐਸ

ਆਈ ਲਖਵੀਰ ਸਿੰਘ ਨੇ ਵੀ ਜਾਂਚ ਤੋਂ ਬਾਅਦ ਪੁਸ਼ਟੀ ਕੀਤੀ ਹੈ ਕਿ ਉਸ ਥਾਂ ਉੱਤੇ ਸਟੋਨ ਕ੍ਰੈਸ਼ਰ ਦੀਆਂ ਸਰਗਰਮੀਆਂ ਨਾਜਾਇਜ਼ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇੱਕ ਅੰਗਰੇਜ਼ੀ ਅਖ਼ਬਾਰ ਨੇ 8 ਮਈ 2019 ਨੂੰ ਦੱਸਿਆ ਕਿ ਰਾਵੀ ਨਦੀ ਦੇ ਕੰਢੇ ਉੱਤੇ ਉਦਯੋਗਾਂ ਲਈ ਕੱਚਾ ਮਾਲ ਕੱਢਣ ਲਈ ਟਰੱਕਾਂ ਨੂੰ ਚੱਲਦੇ ਦੇਖਿਆ ਗਿਆ ਸੀ। ਜ਼ਿਲ੍ਹੇ ਦੇ ਜੰਗਲੀ ਖੇਤਰ ਵਿੱਚ ਵੀ ਨਾਜਾਇਜ਼ ਮਾਈਨਿੰਗ ਚੱਲ ਰਹੀ ਹੈ ਅਤੇ ਇਹ ਜੰਗਲਾਤ ਅਧਿਕਾਰੀਆਂ ਦੀ ਹਿੱਸੇਦਾਰੀ ਨੂੰ ਸਾਬਤ ਕਰਦਾ ਹੈ। ਉਨ੍ਹਾਂ ਕਿਹਾ ਕਿ 18 ਅਪ੍ਰੈਲ 2019 ਨੂੰ ਡਿਪਟੀ ਕਮਿਸ਼ਨਰ ਨੇ ਗੁਰਦਾਸਪੁਰ ਵਿਧਾਨ ਸਭਾ ਹਲਕੇ ਤੋਂ ਆਰ ਟੀ ਆਈ ਵਰਕਰਾਂ ਅਤੇ ਆਜ਼ਾਦ ਉਮੀਦਵਾਰ ਵੱਲੋਂ ਦਾਇਰ ਸ਼ਿਕਾਇਤ ਨੂੰ ਰੱਦ ਕਰ ਦਿੱਤਾ ਸੀ।

ਬਾਜਵਾ ਨੇ ਕਿਹਾ ਕਿ ਪੰਜਾਬ ਤੋਂ ਪਾਰਲੀਮੈਂਟ ਮੈਂਬਰ ਹੋਣ ਅਤੇ ਗੁਰਦਾਸਪੁਰ ਹਲਕੇ ਦੀ ਪ੍ਰਤੀਨਿਧਤਾ ਕਰਨ ਵਾਲੇ ਇਸ ਅਹੁਦੇ ਉੱਤੇ ਮੈਂ ਤੁਹਾਨੂੰ ਮੌਜੂਦਾ ਸਥਿਤੀ ਤੋਂ ਜਾਣੂ ਕਰਾਉਣ ਦੀ ਜ਼ਿੰਮੇਵਾਰੀ ਸਮਝ ਕੇ ਇਹ ਪੱਤਰ ਲਿਖਿਆ ਹੈ ਕਿ ਇਸ ਮਸਲੇ ਦੇ ਹੱਲ ਲਈ ਕਾਰਵਾਈ ਕੀਤੀ ਜਾਵੇ। ਨਾਜਾਇਜ਼ ਮਾਈਨਿੰਗ ਇੱਕ ਅਪਰਾਧ ਹੈ ਅਤੇ ਇਸ ਨੂੰ ਅਧਿਕਾਰੀਆਂ (ਪੁਲਸ ਅਤੇ ਪ੍ਰਸ਼ਾਸਨਿਕ) ਅਤੇ ਕੁਝ ਸਿਆਸੀ ਨੇਤਾਵਾਂ ਨਾਲ ਮਿਲ ਕੇ ਕੀਤਾ ਜਾ ਰਿਹਾ ਹੈ। ਮੈਂ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਬੇਨਤੀ ਕਰਦਾ ਹਾਂ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਛੇ ਮਾਰਚ 2018 ਨੂੰ ਕਰਤਾਰਪੁਰ ਦੀ ਜੰਗ-ਏ-ਆਜ਼ਾਦੀ ਯਾਦਗਾਰ ਦੇ ਦੂਸਰੇ ਪੜਾਅ ਦੇ ਉਦਘਾਟਨ ਕਰਨ ਜਾਣ ਵੇਲੇ ਹੈਲੀਕਾਪਟਰ ਰਾਹੀਂ ਸਤਲੁਜ ਕੰਢੇ ਨਾਜਾਇਜ਼ ਮਾਈਨਿੰਗ ਹੁੰਦੀ ਦੇਖੀ ਅਤੇ ਕਰਤਾਰਪੁਰ ਉਤਰਦੇ ਸਾਰ ਸਭ ਤੋਂ ਪਹਿਲਾਂ ਜਲੰਧਰ ਅਤੇ ਨਵਾਂ ਸ਼ਹਿਰ ਦੇ ਐਸ ਐਸ ਪੀ ਅਤੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਕੀਤੇ ਸਨ ਕਿ ਮਾਈਨਿੰਗ ਨੂੰ ਤੁਰੰਤ ਰੋਕ ਕੇ ਕੇਸ ਦਰਜ ਕੀਤਾ ਜਾਵੇ। ਓਦੋਂ ਕੈਪਟਨ ਨੇ ਕਿਹਾ ਸੀ ਕਿ ਨਾਜਾਇਜ਼ ਮਾਈਨਿੰਗ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਹਾਈਟੈਕ ਨਾਕੇ ਤੋਂ 30 ਲੱਖ ਰੁਪਏ ਦੀ ਹਵਾਲਾ ਰਾਸ਼ੀ ਫੜੀ ਗਈ

ਫਿਰੋਜ਼, 13 ਅਗਸਤ (ਪੋਸਟ ਬਿਊਰੋ)- ਸਤਲੁਜ ਦਰਿਆ ਉੱਤੇ ਬਣੇ ਹਾਈਟੈੱਕ ਨਾਕੇ ਤੋਂ ਪੁਲਸ ਨੇ ਤੀਹ ਲੱਖ ਰੁਪਏ ਦੀ ਹਵਾਲਾ ਰਾਸ਼ੀ ਫੜੀ ਹੈ। ਬਸ ਵਿੱਚ ਸਵਾਰ ਇੱਕ ਵਿਅਕਤੀ ਇਸ ਨੂੰ ਛੁਪਾ ਕੇ ਲਿਜਾ ਰਿਹਾ ਸੀ।

ਡੀ ਐੱਸ ਪੀ ਫਿਰੋਜ਼ਪੁਰ ਦਵਿੰਦਰ ਅਤਰੀ ਨੇ ਦੱਸਿਆ ਕਿ ਫਿਰੋਜ਼ਪੁਰ ਹਾਈਟੈੱਕ ਨਾਕੇ ਵਿੱਚ ਰੁਟੀਨ ਚੈਕਿੰਗ ਵਿੱਚ ਐੱਸ ਐੱਚ ਓ ਸੁੱਖਾ ਸਿੰਘ ਅਤੇ ਨਾਕਾ ਇੰਚਾਰਜ ਸੁਰਜੀਤ ਸਿੰਘ ਨੇ ਇੱਕ ਬਸ ਦੀ ਤਲਾਸ਼ੀ ਲਈ ਤਾਂ ਇੱਕ ਯਾਤਰੀ ਪੁਲਸ ਨੂੰ ਦੇਖ ਕੇ ਬੈਗ ਲੁਕਾਉਣ ਲੱਗਾ। ਪੁਲਸ ਨੂੰ ਸ਼ੱਕ ਹੋਇਆ ਤੇ ਉਨ੍ਹਾਂ ਨੇ ਉਸ ਵਿਅਕਤੀ ਅਮਨਦੀਪ ਕੁਮਾਰ ਨੂੰ ਹੇਠਾਂ ਉਤਾਰ ਕੇ ਬੈਗ ਦੀ ਤਲਾਸ਼ੀ ਲਈ, ਜਿਸ ਵਿੱਚ ਉਸ ਵਿੱਚੋਂ ਤੀਹ ਲੱਖ ਰੁਪਏ ਬਰਾਮਦ ਹੋਏ। ਉਸ ਕੋਲ ਇਹ ਪੈਸੇ ਕਿੱਥੋਂ ਆਏ, ਇਸ ਬਾਰੇ ਉਹ ਕੋਈ ਜਵਾਬ ਨਹੀਂ ਦੇ ਸਕਿਆ ਤੇ ਇਸ ਨਾਲ ਜੁੜੇ ਕੋਈ ਕਾਗਜ਼ਾਤ ਵੀ ਉਸ ਕੋਲ ਨਹੀਂ ਸਨ। ਪੁੱਛਗਿੱਛ ਵਿੱਚ ਉਸ ਨੇ ਦੱਸਿਆ ਕਿ ਉਹ ਲੁਧਿਆਣਾ ਵਿੱਚ ਜਲੰਧਰ ਬਾਈਪਾਸ ਤੋਂ ਪੈਸੇ ਲੈ ਕੇ ਆਇਆ ਸੀ ਤੇ ਅੰਮ੍ਰਿਤਸਰ ਵਿੱਚ ਸੰਦੀਪ ਸਿੰਘ ਨਾਮ ਦੇ ਵਿਅਕਤੀ ਨੂੰ ਪੁਚਾਉਣੇ ਸੀ। ਸੰਦੀਪ ਸਿੰਘ ਉੱਥੇ ਮਨੀ ਐਕਸਚੇਂਜਰ ਦਾ ਕੰਮ ਕਰਦਾ ਹੈ। ਡੀ ਐੱਸ ਪੀ ਅਤਰੀ ਨੇ ਦੱਸਿਆ ਕਿ ਇਸ ਬਰਾਮਦਗੀ ਦੇ ਬਾਰੇ ਇਨਕਮ ਟੈਕਸ ਅਤੇ ਈ ਡੀ ਨੂੰ ਸੂਚਨਾ ਦੇ ਦਿੱਤੀ ਗਈ ਹੈ।

## ਰਵਿਦਾਸ ਮੰਦਰ ਕੇਸ ਵਿੱਚ ਤੱਥਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ: ਜੀਕੇ

ਜਲੰਧਰ, 13 ਅਗਸਤ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਦਾ ਕਹਿਣਾ ਹੈ ਕਿ ਦਿੱਲੀ ਦੇ ਤੁਗਲਕਾਬਾਦ ਵਿਚਲੇ ਇਤਿਹਾਸਕ ਰਵਿਦਾਸ ਮੰਦਰ ਨੂੰ ਸੁਪਰੀਮ ਕੋਰਟ ਦੇ ਹੁਕਮ ਉੱਤੇ ਤੋੜਨ ਤੋਂ ਪਹਿਲਾਂ ਇਤਿਹਾਸਕ ਤੱਥਾਂ ਨੂੰ ਦਿੱਲੀ ਵਿਕਾਸ ਅਥਾਰਟੀ (ਡੀ ਡੀ ਏ) ਨੇ ਨਜ਼ਰ ਅੰਦਾਜ਼ ਕੀਤਾ ਹੈ। ਇਸ ਦੇ ਨਾਲ ਮਨਜੀਤ ਸਿੰਘ ਜੀ ਕੇ ਨੇ ਮੰਦਰ ਦੀ ਮੁੜ ਉਸਾਰੀ ਦਾ ਪੱਖ ਲੈਂਦੇ ਹੋਏ ਕਿਹਾ ਕਿ ਗੁਰੂ ਰਵਿਦਾਸ ਜੀ ਅੱਗੇ ਸਿੱਖ ਰੋਜ਼ ਨਤਮਸਤਕ ਹੁੰਦੇ ਹਨ, ਕਿਉਂਕਿ ਉਨ੍ਹਾਂ ਦੀ ਰਚਨਾ ਕੀਤੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਹੈ। ਇਸ ਸੰਬੰਧ ਵਿੱਚ ਮਨਜੀਤ ਸਿੰਘ ਜੀ ਕੇ ਨੇ ਰਵਿਦਾਸ ਭਾਈਚਾਰੇ ਦੇ ਹਵਾਲੇ ਨਾਲ ਜਾਣਕਾਰੀ ਦਿੱਤੀ ਕਿ ਜਿਸ ਥਾਂ ਮੰਦਰ ਤੋੜਿਆ ਗਿਆ ਹੈ, ਉਥੇ ਰਵਿਦਾਸ ਜੀ 1509 ਵਿੱਚ ਬਨਾਰਸ ਤੋਂ ਪੰਜਾਬ ਵੱਲ ਜਾਂਦੇ ਹੋਏ ਰੁਕੇ ਸਨ। ਦੱਸਿਆ ਜਾਂਦਾ ਹੈ ਕਿ ਓਦੋਂ ਬਾਦਸ਼ਾਹ ਸਿਕੰਦਰ ਲੋਧੀ ਨੇ ਗੁਰੂ ਰਵਿਦਾਸ ਜੀ ਕੋਲੋਂ ਨਾਮ ਦਾਨ ਲੈ ਕੇ 700 ਕਨਾਲ ਜ਼ਮੀਨ ਮੰਦਰ ਨੂੰ ਦਿੱਤੀ ਸੀ। ਮਨਜੀਤ ਸਿੰਘ ਜੀ ਕੇ ਦੱਸਿਆ ਕਿ ਸਾਬਕਾ ਕੇਂਦਰੀ ਰੇਲ ਮੰਤਰੀ ਬਾਬੂ ਜਗਜੀਵਨ ਰਾਮ ਨੇ 1959 ਵਿੱਚ ਮੰਦਰ ਦਾ ਉਦਘਾਟਨ ਕੀਤਾ ਸੀ ਅਤੇ 1982-83 ਵਿੱਚ ਦਿੱਲੀ ਡਿਵੈਲਪਮੈਂਟ ਅਥਾਰਟੀ (ਡੀ ਡੀ ਏ) ਨੇ ਤਿੰਨ ਏਕੜ ਜ਼ਮੀਨ ਮੰਦਰ ਛੱਡ ਕੇ ਬਾਕੀ ਜਗ੍ਹਾ ਚਾਰਦੀਵਾਰੀ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਜੇ ਇਹ ਤੱਥ ਠੀਕ ਹਨ ਤਾਂ ਕੋਰਟ ਦੇ ਸਾਹਮਣੇ ਸਰਕਾਰੀ ਏਜੰਸੀਆਂ ਨੇ ਗਲਤ ਤੱਥ ਪੇਸ਼ ਕੀਤੇ ਹਨ।

## ਹਥਿਆਰਾਂ ਦਾ ਲਾਇਸੈਂਸ ਲੈਣ ਬਾਰੇ ਨਵਾਂ ਫੈਸਲਾ ਹੋਣ ਲੱਗਾ

ਚੰਡੀਗੜ੍ਹ, 13 ਅਗਸਤ (ਪੋਸਟ ਬਿਊਰੋ)- ਬਠਿੰਡੇ ਵਾਲੇ ਰਫ਼ਲਾਂ ਰੱਖਣ ਦੇ ਸ਼ੌਕੀਆਂ ਲਈ ਖ਼ਬਰ ਹੈ ਕਿ ਪੰਜਾਬ ਵਿੱਚ ਹਥਿਆਰਾਂ ਦਾ ਲਾਇਸੈਂਸ ਲੈਣਾ ਉਨ੍ਹਾਂ ਦਾ ਅਧਿਕਾਰ ਵੀ ਹੋ ਸਕਦਾ ਹੈ।

ਇਸ ਸਬੰਧ ਵਿੱਚ ਖ਼ਾਸ ਗੱਲ ਇਹ ਹੈ ਕਿ ਪੰਜਾਬ ਦੀ ਪਿਛਲੀ ਅਕਾਲੀ ਭਾਜਪਾ ਸਰਕਾਰ ਨੇ ਨਗਰ ਪਾਲਿਕਾਵਾਂ, ਪ੍ਰਸ਼ਾਸਨ ਵਿੱਚ ਹੋਣ ਵਾਲੇ ਕੰਮਾਂ ਨੂੰ ਸਮਾਂਬੱਧ ਕਰਨ ਲਈ ਬਣਾਏ ਰਾਈਟ ਟੂ ਸਰਵਿਸ ਵਿੱਚ ਉਦੋਂ ਹੀ ਹਥਿਆਰ ਲੈਣ ਨੂੰ ਇਸ ਵਿੱਚ ਪਾ ਦਿੱਤਾ ਸੀ। ਇਸ ਕੰਮ ਲਈ ਮਹੀਨੇ ਦਾ ਸਮਾਂ ਨਿਸ਼ਚਿਤ ਕੀਤਾ ਸੀ। ਹਥਿਆਰ ਦਾ ਲਾਇਸੈਂਸ ਲੈਣ ਲਈ ਜਿਹੜਾ ਵੀ ਅਰਜ਼ੀ ਦੇਵੇ, ਉਸ ਨੂੰ ਮਹੀਨੇ ਦੇ ਅੰਦਰ ਲਾਇਸੈਂਸ ਦੇਣਾ ਲਾਜ਼ਮੀ ਕੀਤਾ ਗਿਆ ਸੀ। ਅਜਿਹਾ ਨਾ ਕਰਨ 'ਤੇ ਅਰਜ਼ੀ ਦੇਣ ਵਾਲਾ ਰਾਈਟ ਟੂ ਸਰਵਿਸ ਕਮਿਸ਼ਨ ਵਿੱਚ ਪਟੀਸ਼ਨ ਦਾਇਰ ਕਰ ਸਕਦਾ ਹੈ।

ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਰਾਈਟ ਟੂ ਸਰਵਿਸ ਨੂੰ ਜੁਲਾਈ 2018 ਵਿੱਚ ਖ਼ਤਮ ਕਰ ਦਿੱਤਾ ਤੇ ਇਸ ਦੀ ਥਾਂ ਪੰਜਾਬ ਟ੍ਰਾਂਸਪੇਰੈਂਸੀ ਐਂਡ ਅਕਾਊਂਟੇਬਿਲਟੀ ਇਨ ਡਿਲਿਵਰੀ ਆਫ ਪਬਲਿਕ ਸਰਵਿਸ ਐਕਟ 2018 ਬਣਾ ਦਿੱਤਾ ਸੀ, ਭਾਵ ਕਿ ਸੇਵਾਵਾਂ ਲੈਣ ਲਈ ਜਿਹੜਾ ਸਮਾਂ ਪਹਿਲਾਂ ਦਿੱਤਾ ਗਿਆ ਸੀ, ਉਹ ਚੱਲਦਾ ਰਹੇਗਾ। ਸਾਬਕਾ ਚੀਫ ਸੈਕਟਰੀ ਅਤੇ ਰਾਈਟ ਟੂ ਸਰਵਿਸ ਦੇ ਚੇਅਰਮੈਨ ਰਹਿ ਚੁੱਕੇ ਐਸ ਸੀ ਅਗਰਵਾਲ ਅਤੇ ਮੈਂਬਰ ਇਕਬਾਲ ਸਿੰਘ ਸਿੱਧੂ ਨੇ ਉਦੋਂ ਹਥਿਆਰ ਦਾ ਲਾਇਸੈਂਸ ਲੈਣ ਨੂੰ ਰਾਈਟ ਟੂ ਸਰਵਿਸ ਵਿੱਚ ਪਾਉਣ ਦਾ ਵਿਰੋਧ ਕੀਤਾ ਸੀ। ਉਨ੍ਹਾਂ ਨੇ ਉਦੋਂ ਦੇ ਮੁੱਖ ਸਕੱਤਰ ਨੂੰ ਇਸ ਬਾਰੇ ਚਿੱਠੀ ਲਿਖ ਕੇ ਇਸ ਨੂੰ ਹਟਾਉਣ ਲਈ ਕਿਹਾ ਸੀ, ਪਰ ਪਿਛਲੀ ਸਰਕਾਰ ਨੇ ਇੰਝ ਨਹੀਂ ਕੀਤਾ। ਇਸ ਵਾਰੀ ਅਮਰਿੰਦਰ ਸਿੰਘ ਦੀ ਸਰਕਾਰ ਇਸ ਨੂੰ ਰਾਈਟ ਟੂ ਸਰਵਿਸ ਤੋਂ ਹਟਾਉਣ ਨੂੰ ਤਿਆਰ ਹੈ। ਐਡੀਸ਼ਨਲ ਮੁੱਖ ਸਕੱਤਰ (ਗ੍ਰਹਿ) ਸਤੀਸ਼ ਚੰਦਰਾ ਨੇ ਇਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਹਥਿਆਰ ਲੈਣ ਲਈ ਇਸ ਦਾ ਹਟਾਉਣ ਦੀ ਤਜਵੀਜ਼ ਹੈ, ਪਰ ਪੁਰਾਣੇ ਲਾਇਸੈਂਸ ਨੂੰ ਜੇ ਨਵਿਆਉਣਾ ਹੋਵੇ ਤਾਂ ਇਹ ਕੰਮ ਸਮਾਂਬੱਧ ਢੰਗ ਨਾਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਜਲਦੀ ਇਸ ਕੇਸ ਬਾਰੇ ਡਿਪਟੀ ਕਮਿਸ਼ਨਰਾਂ ਤੇ ਜ਼ਿਲਾ ਪੁਲਸ ਮੁਖੀਆਂ ਅਤੇ ਸਬੰਧਤਾਂ ਨੂੰ ਚਿੱਠੀਆਂ ਲਿਖਣਗੇ। ਰਾਈਟ ਟੂ ਸਰਵਿਸ ਦੇ ਸਾਬਕਾ ਮੈਂਬਰ ਇਕਬਾਲ ਸਿੰਘ ਸਿੱਧੂ ਮੁਤਾਬਕ ਹਥਿਆਰ ਲੈਣਾ ਕਿਸੇ ਦਾ ਹੱਕ ਕਿਵੇਂ ਹੋ ਸਕਦਾ ਹੈ? ਜੇ ਕਿਸੇ ਵਿਅਕਤੀ ਦੀ ਜਾਨ ਨੂੰ ਖ਼ਤਰਾ ਹੈ ਤਾਂ ਇਸ ਦੀ ਤਸਦੀਕ ਪਿੱਛੋਂ ਡੀ ਸੀ ਹਥਿਆਰ ਜਾਰੀ ਕਰਦਾ ਹੈ। ਇਸ ਦਾ ਦੂਜਾ ਪੱਖ ਇਹ ਹੈ ਕਿ ਜਦੋਂ ਹਥਿਆਰਾਂ ਦਾ ਲਾਇਸੈਂਸ ਲੈਣਾ 'ਰਾਈਟ ਟੂ ਸਰਵਿਸ' ਵਿੱਚ ਆ ਗਿਆ ਤਾਂ ਹਥਿਆਰ ਲਾਇਸੈਂਸ ਲੈਣਾ ਆਸਾਨ ਹੋ ਗਿਆ ਸੀ, ਉਸ ਦੀ ਤੁਲਨਾ ਵਿੱਚ ਲੋਕਾਂ ਨੂੰ ਔਖ ਪੇਸ਼ ਆਇਆ ਕਰੇਗੀ।

# ਸਕਿਓਰਿਟੀ ਕੋਡ ਨਾਲ ਪੀ ਐਸ ਬੀ ਦੇ ਏ ਟੀ ਐਮ ਵਿੱਚੋਂ ਨੌਂ ਲੱਖ ਤੋਂ ਵੱਧ ਦੀ ਹਾਈਟੈਕ ਲੁੱਟ

ਅੰਮ੍ਰਿਤਸਰ, 13 ਅਗਸਤ (ਪੋਸਟ ਬਿਊਰੋ)- ਗੁਰੂ ਕੀ ਨਗਰੀ ਵਿੱਚ ਪਹਿਲੀ ਵਾਰ ਹਾਈਟੈਕ ਲੁੱਟ ਦਾ ਮਾਮਲਾ ਸਾਹਮਣੇ ਆਇਆ ਹੈ। ਚੀਫ ਖਾਲਸਾ ਦੀਵਾਨ ਦੇ ਹੈੱਡ ਆਫਿਸ ਅਤੇ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਮੇਨ ਬ੍ਰਾਂਚ ਦੇ ਬਾਹਰ ਵਾਲੇ ਪੰਜਾਬ ਐਂਡ ਸਿੰਧ ਬੈਂਕ ਦੇ ਏ ਟੀ ਐਮ ਵਿੱਚੋਂ ਲੱਖਾਂ ਰੁਪਏ ਦੀ ਰਕਮ ਕੱਢੀ ਗਈ ਹੈ। ਇਹ ਰਕਮ ਏ ਟੀ ਐਮ ਮਸ਼ੀਨ ਨੂੰ ਖੋਲ੍ਹ ਕੇ ਕੱਢੀ ਗਈ ਹੈ। ਵਾਰਦਾਤ ਕਰਨ ਵਾਲਾ ਲੁਟੇਰਾ ਕਾਫੀ ਚਲਾਕ ਸੀ। ਉਸ ਨੇ ਦੋ ਕੋਡ ਲਾਉਣ ਦੇ ਬਾਅਦ ਏ ਟੀ ਐਮ ਮਸ਼ੀਨ ਨੂੰ ਖੋਲ੍ਹਿਆ। ਅੰਦਰ ਰੱਖੇ ਨੌਂ ਲੱਖ 42 ਹਜ਼ਾਰ ਰੁਪਏ ਦੀ ਰਕਮ ਕੱਢੀ ਅਤੇ ਲੈ ਗਿਆ। ਇਸ ਦੌਰਾਨ ਉਸ ਨੇ ਸੀ ਸੀ ਟੀ ਵੀ ਕੈਮਰਿਆਂ ਉੱਤੇ ਕਾਲੇ ਰੰਗ ਦਾ ਪੇਂਟ ਵੀ ਲਾ ਦਿੱਤਾ, ਪਰ ਏ ਟੀ ਐਮ ਦੇ ਪਿਛਲ ਕੈਮਰੇ ਉੱਤੇ ਉਹ ਬਚ ਨਹੀਂ ਸਕਿਆ। ਇਸ ਲੁੱਟ ਨੂੰ ਪੁਲਸ ਨੇ ਹਾਈਟੈੱਕ ਲੁਟ ਮੰਨ ਕੇ ਕੇਸ ਦਰਜ ਕਰ ਲਿਆ।

ਚੀਫ ਖਾਲਸਾ ਦੀਵਾਨ ਦੇ ਬਾਹਰ ਵਾਲੀ ਪੰਜਾਬ ਐਂਡ ਸਿੰਧ ਬੈਂਕ ਦੇ ਮੈਨੇਜਰ



ਪਵਨ ਕੁਮਾਰ ਨੇ ਦੱਸਿਆ ਕਿ ਕੱਲ੍ਹ ਸਵੇਰੇ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਏ ਟੀ ਐਮ ਦੀ ਮਸ਼ੀਨ ਕੰਮ ਨਹੀਂ ਕਰ ਰਹੀ। ਜਦ ਉਹ ਮੌਕੇ 'ਤੇ ਪਹੁੰਚੇ ਤਾਂ ਦੇਖਿਆ ਕਿ ਏ ਟੀ ਐਮ ਮਸ਼ੀਨ ਦਾ ਕੈਸ਼ ਵਾਲਾ ਹਿੱਸਾ ਖੁੱਲ੍ਹਾ ਸੀ। ਉਸ ਨੂੰ ਖੋਲ੍ਹਣ ਅਤੇ ਰੁਪਏ ਕੱਢਣ ਪਿੱਛੋਂ ਰੱਸੀ ਨਾਲ ਬੰਨ੍ਹਿਆ ਹੋਇਆ ਸੀ। ਉਸ ਦੇ ਬਾਅਦ ਦੇਖਿਆ ਤਾਂ ਏ ਟੀ ਐਮ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਉੱਤੇ ਕਾਲੇ ਰੰਗ ਦਾ ਸਪਰੇਅ ਕੀਤਾ ਗਿਆ ਸੀ। ਉਨ੍ਹਾਂ ਨੇ ਪੁਲਸ ਨੂੰ ਸੂਚਨਾ ਦਿੱਤੀ ਤਾਂ ਏ ਡੀ ਸੀ ਪੀ ਸਿਟੀ-1 ਜਗਜੀਤ ਸਿੰਘ ਵਾਲੀਆ, ਏ ਸੀ ਪੀ ਸੈਂਟਰਲ ਸੁਖਪਾਲ ਸਿੰਘ, ਏ ਡੀ ਸੀ ਪੀ ਕਰਾਈਮ ਗੁਰਨਾਮ ਸਿੰਘ ਅਤੇ ਪੁਲਸ ਟੀਮਾਂ ਮੌਕੇ 'ਤੇ ਪਹੁੰਚੀਆਂ। ਪੁਲਸ ਵੱਲੋਂ ਕੀਤੀ ਜਾਂਚ ਵਿੱਚ ਪਤਾ ਲੱਗਾ ਕਿ

ਏ ਟੀ ਐਮ ਵਿੱਚੋਂ ਨੌਂ ਲੱਖ 39 ਹਜ਼ਾਰ 200 ਰੁਪਏ ਲੁੱਟੇ ਗਏ ਹਨ। ਲੁਟੇਰੇ ਇੰਨੇ ਤੇਜ਼ ਸਨ ਕਿ ਉਨ੍ਹਾਂ ਨੇ ਸੀ ਸੀ ਟੀ ਵੀ ਕੈਮਰੇ ਉੱਤੇ ਸਪਰੇਅ ਕੀਤਾ ਤੇ ਫਿਰ ਕੁਨੈਕਸ਼ਨ ਕੱਟ ਦਿੱਤੇ। ਏ ਟੀ ਐਮ ਮਸ਼ੀਨ ਨੂੰ ਕਿਸੇ ਵੀ ਹਥਿਆਰ ਜਾਂ ਵੈਲਡਿੰਗ ਮਸ਼ੀਨ ਨਾਲ ਕੱਟਿਆ ਨਹੀਂ, ਸਗੋਂ ਕੋਡ ਨਾਲ ਖੋਲ੍ਹਿਆ ਸੀ। ਕੋਡ ਕੇਵਲ ਬੈਂਕ ਅਤੇ ਏ ਟੀ ਐਮ ਵਿੱਚ ਕੈਸ਼ ਪਾਉਣ ਵਾਲੀ ਏਜੰਸੀ ਕੋਲ ਹੁੰਦਾ ਹੈ, ਇਸ ਲਈ ਪੁਲਸ ਜਾਂਚ ਸਭ ਤੋਂ ਪਹਿਲਾਂ ਬੈਂਕ ਅਤੇ ਕੈਸ਼ ਪਾਉਣ ਵਾਲੀ ਏਜੰਸੀ 'ਤੇ ਫੋਕਸ ਹੋਈ ਹੈ। ਏ ਟੀ ਐਮ ਵਿੱਚ ਕੈਸ਼ ਮਸ਼ੀਨ ਨੂੰ ਖੋਲ੍ਹਣ ਲਈ ਤਿੰਨ ਕੋਡ ਹੁੰਦੇ ਹਨ। ਇੱਕ ਕੋਡ ਬੈਂਕ ਅਧਿਕਾਰੀਆਂ ਤੇ ਦੂਸਰਾ ਕੈਸ਼ ਪਾਉਣ ਵਾਲੀ ਕੰਪਨੀ ਕੋਲ ਹੁੰਦਾ ਹੈ। ਦੋਵੇਂ ਆਪੋ ਆਪਣੇ ਕੋਡ ਕਿਸੇ ਨੂੰ ਨਹੀਂ ਦੱਸਦੇ। ਇਸ ਦੇ ਇਲਾਵਾ ਇੱਕ ਕੋਡ ਸਰਵਰ ਦਾ ਹੁੰਦਾ ਹੈ। ਪੁਲਸ ਨੇ ਸਾਈਬਰ ਕਰਾਈਮ ਸੈਲ ਨੂੰ ਜਾਂਚ ਵਿੱਚ ਸ਼ਾਮਲ ਕੀਤਾ ਹੈ। ਬੈਂਕ ਮੈਨੇਜਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਕਿਸੇ ਨੇ ਕੋਡ ਹੈਗ ਕਰ ਕਰ ਵਾਰਦਾਤ ਕੀਤੀ ਹੈ।

## ਸ਼ਰਾਬੀ ਬੇਟੇ ਨੂੰ ਬਾਪ ਨੇ ਸਿਰ ਵਿੱਚ ਇੱਟ ਮਾਰ ਕੇ ਮਾਰ ਦਿੱਤਾ

ਮੋਹਾਲੀ, 13 ਅਗਸਤ (ਪੋਸਟ ਬਿਊਰੋ)- ਸ਼ਰਾਬੀ ਬੇਟੇ ਵੱਲੋਂ ਰੋਜ਼ ਗੁਆਂਢੀਆਂ ਨਾਲ ਝਗੜਾ ਕਰਨ ਤੋਂ ਤੰਗ ਆਏ ਪਿਤਾ ਨੇ ਐਤਵਾਰ ਦੇਰ ਰਾਤ ਸਿਰ 'ਤੇ ਇੱਟ ਮਾਰ ਕੇ ਮਾਰ ਦਿੱਤਾ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਖ਼ੂਨ ਨਾਲ ਲਿਬੜੀ ਇੱਟ ਬਰਾਮਦ ਕਰ ਲਈ ਹੈ। ਦੋਸ਼ੀ ਦੀ ਪਛਾਣ ਨਵਾਂਗਾਂਵ ਥਾਣੇ ਹੇਠਲੀ ਜਨਤਾ ਕਲੋਨੀ ਦੇ ਰਣਧੀਰ ਸਿੰਘ (50) ਵਜੋਂ ਹੋਈ ਹੈ, ਜੋ ਫੈਡ ਕਾਂਸਟੇਬਲ ਸੀ। ਮਿਲੀ ਜਾਣਕਾਰੀ ਅਨੁਸਾਰ ਅਮਨ ਸਿੰਘ (30) ਸ਼ਰਾਬ ਪੀਣ ਦਾ ਆਦੀ ਸੀ। ਉਹ ਰੋਜ਼ ਸ਼ਰਾਬ ਪੀ ਕੇ ਕਿਸੇ ਨਾ ਕਿਸੇ ਨਾਲ ਝਗੜਾ ਕਰਦਾ ਸੀ। ਐਤਵਾਰ ਰਾਤ ਵੀ ਉਹ ਸ਼ਰਾਬ ਪੀ ਕੇ ਘਰ ਦੀ ਛੱਤ ਉੱਤੇ ਖੜ੍ਹੋ ਕੇ ਗੁਆਂਢੀਆਂ ਨੂੰ ਗਾਲ੍ਹਾਂ ਕੱਢ ਰਿਹਾ ਸੀ। ਪਿਤਾ ਰਣਧੀਰ ਸਿੰਘ ਨੇ ਉਸ ਨੂੰ ਰੋਕਿਆ ਤਾਂ ਉਹ ਉਨ੍ਹਾਂ ਨਾਲ ਵੀ ਝਗੜਨ ਲੱਗਾ। ਇਸ 'ਤੇ ਪਿਤਾ ਪੁੱਤਰ ਹੱਥੋਪਾਈ ਹੋ ਗਏ ਅਤੇ ਰਣਧੀਰ ਨੇ ਛੱਤ 'ਤੇ ਪਈ ਇੱਟ ਨਾਲ ਅਮਨ ਦੇ ਸਿਰ 'ਤੇ ਕਈ ਵਾਰ ਕਰ ਦਿੱਤੇ। ਸਿਰ ਤੋਂ ਜ਼ਿਆਦਾ ਖ਼ੂਨ ਨਿਕਲਣ ਕਾਰਨ ਅਮਨ ਦੀ ਮੌਤ ਹੋ ਗਈ।




# ਕੰਜ਼ਿਊਮਰ ਫੋਰਮ ਵੱਲੋਂ ਰੇਲਿਗੇਅਰ ਕੰਪਨੀ ਨੂੰ ਵਿਆਜ ਸਣੇ ਬੀਮਾ ਕਲੇਮ ਭਰਨ ਦਾ ਹੁਕਮ

ਜਲੰਧਰ, 13 ਅਗਸਤ (ਪੋਸਟ ਬਿਊਰੋ)- ਜ਼ਿਲ੍ਹਾ ਕੰਜ਼ਿਊਮਰ ਫੋਰਮ ਨੇ ਗਲਤ ਢੰਗ ਨਾਲ ਇੰਸ਼ੋਰੈਂਸ ਕਲੇਮ ਰੱਦ ਕਰਨ ਦੇ ਕੇਸ ਵਿੱਚ ਬੀਮਾ ਕੰਪਨੀ ਨੂੰ ਇਲਾਜ ਦੇ ਖ਼ਰਚੇ ਦੇ ਨਾਲ 22 ਹਜ਼ਾਰ ਹਰਜਾਨਾ ਤੇ ਕੇਸ ਦਾ ਖ਼ਰਚਾ ਦੇਣ ਲਈ ਹੁਕਮ ਦਿੱਤੇ ਹਨ। ਇਹ ਮਾਮਲਾ ਰੇਲਿਗੇਅਰ ਹੈਲਥ ਇੰਸ਼ੋਰੈਂਸ ਕੰਪਨੀ ਦੇ ਖ਼ਿਲਾਫ਼ ਸੀ। ਉਨ੍ਹਾਂ ਨੇ ਜਿਸ ਪੁਰਾਣੀ ਬਿਮਾਰੀ ਦੀ ਗੱਲ ਕਹਿ ਕੇ ਕਲੇਮ ਰੱਦ ਕੀਤਾ ਕਿ ਸ਼ਿਕਾਇਤ ਕਰਤਾ ਨੇ ਉਸ ਦਾ ਇਲਾਜ ਹੀ ਨਹੀਂ ਕਰਾਇਆ ਸੀ।

ਚੰਦਰਭੂਸ਼ਣ ਅਗਰਵਾਲ ਵਾਸੀ ਚਰਨਜੀਤਪੁਰਾ ਨੇ ਫੋਰਮ ਨੂੰ ਸ਼ਿਕਾਇਤ ਦਿੱਤੀ ਸੀ ਕਿ ਉਨ੍ਹਾਂ ਨੂੰ ਪ੍ਰਮਮ ਕੇਅਰ ਦਾ ਫੋਨ ਆਇਆ ਕਿ ਉਹ ਰੇਲਿਗੇਅਰ ਹੈਲਥ ਇੰਸ਼ੋਰੈਂਸ ਕੰਪਨੀ ਦੇ ਜਲੰਧਰ ਦਫਤਰ ਤੋਂ ਬੋਲ ਰਹੀ ਹੈ ਅਤੇ ਕੰਪਨੀ ਨੇ ਪੂਰੇ ਪਰਵਾਰ ਲਈ ਸਿਹਤ ਬੀਮਾ




ਯੋਜਨਾ ਲਾਂਚ ਕੀਤੀ ਹੈ। ਜੇ ਕਿਸੇ ਮੈਂਬਰ ਨੂੰ ਕੋਈ ਬਿਮਾਰੀ ਹੋ ਜਾਵੇ ਤਾਂ ਇਹ ਯੋਜਨਾ ਉਨ੍ਹਾਂ ਦੇ ਇਲਾਜ ਤੇ ਦਵਾਈਆਂ ਦਾ ਪੂਰਾ ਖ਼ਰਚਾ ਉਠਾਏਗੀ। ਇਸ ਦੇ ਲਈ ਬਹੁਤ ਘੱਟ ਪ੍ਰੀਮੀਅਮ ਦੇਣਾ ਹੋਵੇਗਾ। ਉਸ ਵਕਤ ਸ਼ਿਕਾਇਤ ਕਰਤਾ ਨੇ ਕਿਹਾ ਕਿ ਉਨ੍ਹਾਂ ਦਾ ਪਰਵਾਰ ਪਹਿਲਾਂ ਨੈਸ਼ਨਲ ਇੰਸ਼ੋਰੈਂਸ ਕੰਪਨੀ ਦੀ ਸਕੀਮ ਦਾ ਬੀਮਾ ਕਰਾ ਚੁੱਕਾ ਹੈ। ਪ੍ਰਮਮ ਕੇਅਰ ਨੇ ਉਨ੍ਹਾਂ 'ਤੇ ਦਬਾਅ ਪਾਉਣਾ ਸ਼ੁਰੂ ਕੀਤਾ ਕਿ ਉਹ ਉਸ ਪਾਲਿਸੀ ਨੂੰ ਉਨ੍ਹਾਂ ਦੀ ਕੰਪਨੀ ਵਿੱਚ ਬਦਲਵਾ ਲੈਣ। ਉਨ੍ਹਾਂ ਦਾ 28,467 ਦੇ ਪ੍ਰੀਮੀਅਮ ਉੱਤੇ 15 ਲੱਖ ਦਾ ਬੀਮਾ ਕੀਤਾ ਗਿਆ ਅਤੇ ਕਿਹਾ ਗਿਆ ਕਿ ਇਸ ਵਿੱਚ ਉਨ੍ਹਾਂ ਦੀ ਕੰਪਨੀ ਪਹਿਲਾਂ ਤੋਂ ਚਲੀ ਆ ਰਹੀ ਬਿਮਾਰੀ ਨੂੰ ਕਵਰ ਕਰੇਗੀ। ਇਸ ਦੇ ਬਾਅਦ ਉਨ੍ਹਾਂ ਨੇ ਪਾਲਿਸੀ ਲੈ ਲਈ। ਅਗਸਤ 2017 ਵਿੱਚ ਉਨ੍ਹਾਂ ਦੀ ਸਰਜਰੀ ਹੋਈ ਤੇ ਬੱਤਰਾ ਹਸਪਤਾਲ ਤੋਂ ਡਿਸਚਾਰਜ ਹੋਣ ਪਿੱਛੋਂ ਉਨ੍ਹਾਂ ਨੇ ਇਸ ਦਾ 62,058 ਰੁਪਏ ਦਾ ਇਲਾਜ ਖ਼ਰਚਾ ਕਲੇਮ ਕੀਤਾ। ਪਹਿਲਾਂ ਇਸ ਨੂੰ ਲਟਕਾਇਆ ਜਾਂਦਾ ਰਿਹਾ ਤੇ ਫਿਰ ਮਾਰਚ 2018 ਵਿੱਚ ਉਨ੍ਹਾਂ ਨੇ ਕਲੇਮ ਰੱਦ ਕਰ ਕੇ ਕਾਰਨ ਦੱਸਿਆ ਕਿ ਸ਼ਿਕਾਇਤ ਕਰਤਾ ਨੇ ਆਪਣੀ ਤਿੰਨ ਸਾਲ ਪੁਰਾਣੀ ਬਿਮਾਰੀ ਦੇ ਬਾਰੇ ਪਹਿਲਾਂ ਨਹੀਂ ਦੱਸਿਆ। ਕੰਪਨੀ ਨੇ ਨੋਟਿਸ ਉੱਤੇ ਆਪਣੇ ਵੱਲੋਂ ਇਹੀ ਜਵਾਬ ਦਿੱਤਾ ਕਿ ਪੁਰਾਣੀ ਬਿਮਾਰੀ ਦੇ ਬਾਰੇ ਪਾਲਿਸੀ ਲੈਂਦੇ ਵਕਤ ਜਾਣਕਾਰੀ ਨਹੀਂ ਦਿੱਤੀ ਗਈ। ਫੋਰਮ ਨੇ ਸੁਣਵਾਈ ਦੇ ਬਾਅਦ ਕਿਹਾ ਕਿ ਜਿਸ ਬਿਮਾਰੀ ਦੇ ਪੁਰਾਣੀ ਹੋਣ ਦੀ ਗੱਲ ਕਹਿ ਕੇ ਕੰਪਨੀ ਨੇ ਕਲੇਮ ਰੱਦ ਕੀਤਾ, ਸ਼ਿਕਾਇਤ ਕਰਤਾ ਨੇ ਉਸ ਦਾ ਇਲਾਜ ਹੀ ਨਹੀਂ ਕਰਾਇਆ, ਜਿਸ ਦੀ ਪੁਸ਼ਟੀ ਡਿਸਚਾਰਜ ਸਲਿਪ ਤੋਂ ਹੁੰਦੀ ਹੈ। ਇਸ ਦੇ ਨਾਲ ਸ਼ਿਕਾਇਤ ਅਤੇ ਕੰਪਨੀ ਵੱਲੋਂ ਪੇਸ਼ ਕੀਤੇ ਪ੍ਰਪੋਜ਼ਲ ਵਿੱਚ ਵੀ ਸ਼ਿਕਾਇਤ ਕਰਤਾ ਦੇ ਦਸਖ਼ਤ ਵਿੱਚ ਫਰਕ ਹੈ।

## ਸੈਲਫੀ ਲੈਂਦੇ ਤਿੰਨ ਨੌਜਵਾਨ ਸਵਾਂ ਨਦੀ ਵਿੱਚ ਡਿੱਗੇ, ਇਕ ਦੀ ਮੌਤ

ਕਾਹਨਪੁਰ ਖੂਹੀ, 13 ਅਗਸਤ (ਪੋਸਟ ਬਿਊਰੋ)- ਕੱਲ੍ਹ ਬਾਅਦ ਦੁਪਹਿਰ ਇਥੋਂ 12 ਕਿਲੋਮੀਟਰ ਦੂਰ ਝੱਜ ਚੌਕ ਤੋਂ ਸ੍ਰੀ ਅਨੰਦਪੁਰ ਸਾਹਿਬ ਮੇਨ ਸੜਕ 'ਤੇ ਪਿੰਡ ਸੈਦਪੁਰ ਨੇੜੇ ਇਕ ਨੌਜਵਾਨ ਦੀ ਸੈਲਫੀ ਲੈਣ ਸਮੇਂ ਸੁਆਂ ਨਦੀ 'ਚ ਡੁੱਬਣ ਨਾਲ ਮੌਤ ਹੋ ਗਈ, ਪਰ ਉਸ ਦੇ ਦੋ ਹੋਰ ਸਾਥੀਆਂ ਨੂੰ ਗੋਤਾਖੋਰਾਂ ਨੇ ਬਚਾ ਲਿਆ।

ਕਲਵਾਂ ਮੋੜ ਪੁਲਸ ਚੌਕੀ ਦੇ ਇੰਚਾਰਜ ਏ ਐਸ ਆਈ ਬਲਬੀਰ ਕੁਮਾਰ ਨੇ ਦੱਸਿਆ ਕਿ ਤਿੰਨ ਨੌਜਵਾਨ, ਜੋ ਇਕੋ ਰਿਸ਼ਤੇਦਾਰੀ ਤੋਂ ਸਨ, ਬਲਜਿੰਦਰ ਸਿੰਘ (16) ਪੁੱਤਰ ਕੁਲਦੀਪ ਸਿੰਘ ਪਿੰਡ ਭਾਰਾਪੁਰ ਥਾਣਾ ਬਲਾਚੌਰ (ਨਵਾਂ ਸ਼ਹਿਰ), ਰਵਿੰਦਰ ਕੁਮਾਰ (17) ਪੁੱਤਰ ਸਰੇਸ਼ ਕੁਮਾਰ ਪਿੰਡ ਟਿੱਬਾ ਬੀਤ, ਥਾਣਾ ਗੜ੍ਹਸ਼ੰਕਰ (ਹੁਸ਼ਿਆਰਪੁਰ) ਤੇ ਹਰਪ੍ਰੀਤ ਸਿੰਘ (17) ਪੁੱਤਰ ਮੋਹਣ ਸਿੰਘ ਪਿੰਡ ਸੇਖੋਵਾਲ ਬੀਤ, ਥਾਣਾ ਗੜ੍ਹਸ਼ੰਕਰ (ਹੁਸ਼ਿਆਰਪੁਰ) ਕੱਲ੍ਹ ਬਾਅਦ ਦੁਪਹਿਰ ਕੀਰਤਪੁਰ ਸਾਹਿਬ ਤੋਂ ਬਾਬਾ ਗੁਰਦਿੱਤਾ ਜੀ ਦੇ ਗੁਰਦੁਆਰਾ ਸਾਹਿਬ ਮੱਥਾ ਟੇਕ ਕੇ ਆਪਣੇ ਪਿੰਡ ਜਾ ਰਹੇ ਸਨ। ਸਤਲੁਜ ਦਰਿਆ 'ਤੇ ਬਣੇ ਪੁਲ ਤੋਂ ਹੇਠ ਉਤਰ ਕੇ ਇਹ ਨੌਜਵਾਨ ਆਪਣੇ ਮੋਬਾਈਲ ਫੋਨਾਂ ਰਾਹੀਂ ਸੈਲਫੀਆਂ ਲੈਣ ਲੱਗ ਪਏ ਤਾਂ ਇਕ ਨੌਜਵਾਨ ਹਰਪ੍ਰੀਤ ਸਿੰਘ, ਜੋ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਸੈਲਫੀ ਲੈਂਦਾ ਸੁਆਂ ਨਦੀ ਵਿੱਚ ਡਿੱਗ ਗਿਆ। ਉਸ ਦੇ ਸਾਥੀਆਂ ਨੇ ਡੁੱਬ ਰਹੇ ਨੌਜਵਾਨ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਉਹ ਦੋਵੇਂ ਵੀ ਡੁੱਬ ਗਏ, ਪਰ ਹਰਪ੍ਰੀਤ ਸਿੰਘ ਦੀ ਮੌਤ ਹੋ ਗਈ।











## ਕਸ਼ਮੀਰ ਮੁੱਦੇ ਨੂੰ ਯੂ ਐਨ ਵਿਚ ਲੈ ਕੇ ਜਾਣਾ ਸੌਖਾ ਨਹੀਂ: ਪਾਕਿ

ਨਵੀਂ ਦਿੱਲੀ, 13 ਅਗਸਤ (ਪੋਸਟ ਬਿਊਰੋ)- ਜੰਮੂ ਕਸ਼ਮੀਰ ਲਈ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਨੂੰ ਹਟਾਏ ਜਾਣ ਪਿੱਛੋਂ ਪਾਕਿਸਤਾਨ ਪ੍ਰੇਸ਼ਾਨ ਹੈ। ਉਹ ਇਸ ਮੁੱਦੇ ਨੂੰ ਯੂ ਐੱਨ ਕੋਲ ਲਿਜਾਣਾ ਚਾਹੁੰਦਾ ਹੈ, ਪਰ ਉਹ ਮੰਨਦਾ ਹੈ ਕਿ ਏਦਾਂ ਕਰਨਾ ਸੌਖਾ ਕੰਮ ਨਹੀਂ ਅਤੇ ਇਸ ਵਿੱਚ ਪਰੇਸ਼ਾਨੀਆਂ ਆ ਸਕਦੀਆਂ ਹਨ।

ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਵਾਪਸ ਲੈਣ ਦੇ ਭਾਰਤ ਸਰਕਾਰ ਦੇ ਫੈਸਲੇ ਦੇ ਖਿਲਾਫ ਯੂ ਐੱਨ ਸੁਰੱਖਿਆ ਕੌਂਸਲ (ਯੂ ਐਨ ਐੱਸ ਸੀ) ਤੇ ਮੁਸਲਿਮ ਦੁਨੀਆ ਦਾ ਸਮਰਥਨ ਹਾਸਲ ਕਰਨਾ ਉਨ੍ਹਾਂ ਲਈ ਸੌਖਾ ਨਹੀਂ ਹੋਵੇਗਾ। ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਦੇ ਮੁਜ਼ੱਫਰਾਬਾਦ ਵਿਚ ਉਸ ਨੇ ਕਿਹਾ ਕਿ ਉਸ ਨੇ ਯੂ ਐਨ ਐੱਸ ਸੀ ਦੇ ਮੈਂਬਰਾਂ ਦਾ ਸਮਰਥਨ ਲੈਣ ਲਈ ਨਵਾਂ ਸੰਘਰਸ਼ ਸ਼ੁਰੂ ਕਰਨ ਦੀ ਗੱਲ ਕੀਤੀ ਸੀ, ਪਰ ਲੋਕਾਂ ਨੂੰ ਭੁਲੇਖੇ ਵਿਚ ਨਹੀਂ ਰਹਿਣਾ ਚਾਹੀਦਾ। ਆਪਣੇ ਹੱਥ ਵਿਚ ਫੁੱਲ ਮਾਲਾ ਲੈ ਕੇ ਕੋਈ ਓਥੇ (ਯੂ ਐਨ ਐਸ ਸੀ ਵਿਚ) ਨਹੀਂ ਖੜਾ, ਕੋਈ ਵੀ ਉਥੇ ਤੁਹਾਡਾ ਇੰਤਜ਼ਾਰ ਨਹੀਂ ਕਰੇਗਾ।

ਕਿਸੇ ਮੁਸਲਿਮ ਦੇਸ਼ ਦਾ ਨਾਮ ਲਏ ਬਗੈਰ ਕੁਰੈਸ਼ੀ ਨੇ ਕਿਹਾ, ਏਥੋਂ ਤੱਕ ਕਿ ਉਮਾ (ਇਸਲਾਮਿਕ ਭਾਈਚਾਰੇ) ਦੇ ਸਰਪ੍ਰਸਤ ਵੀ ਆਪਣੇ ਆਰਥਿਕ ਹਿੱਤਾਂ ਕਾਰਨ ਕਸ਼ਮੀਰ ਮੁੱਦੇ ਉੱਤੇ ਪਾਕਿ-ਸਤਾਨ ਦਾ ਸਾਥ ਨਹੀਂ ਦੇ ਸਕਦੇ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਨੇ ਕਿਹਾ, ਦੁਨੀਆ ਦੇ ਵੱਖ-ਵੱਖ ਦੇਸ਼ਾਂ ਦੇ ਆਪਣੇ ਹਿੱਤ ਹਨ। ਭਾਰਤ ਇਕ ਅਰਬ ਤੋਂ ਵੱਧ ਲੋਕਾਂ ਦੀ ਮਾਰਕੀਟ ਹੈ। ਬਹੁਤ ਸਾਰੇ ਲੋਕਾਂ ਨੇ ਭਾਰਤ ਵਿਚ ਨਿਵੇਸ਼ ਕਰ ਰੱਖਿਆ ਹੈ। ਅਸੀਂ ਅਕਸਰ ਇਸਲਾਮ ਦੀ ਗੱਲ ਕਰਦੇ ਹਾਂ, ਪਰ ਇਸ ਦੇ ਸਰਪ੍ਰਸਤ ਉਥੇ ਵੱਡਾ ਨਿਵੇਸ਼ ਕਰ ਚੁੱਕੇ ਹਨ ਤੇ ਉਨ੍ਹਾਂ ਦੇ ਆਪਣੇ ਹਿੱਤ ਹਨ। ਅੰਤਰਰਾਸ਼ਟਰੀ ਭਾਈਚਾਰੇ ਨੂੰ ਭਾਰਤ ਲਗਾਤਾਰ ਕਹਿ ਰਿਹਾ ਹੈ ਕਿ ਸੰਵਿਧਾਨ ਦੀ ਧਾਰਾ 370 ਦੀਆਂ ਕੁਝ ਧਾਰਾਵਾਂ ਖਤਮ ਕਰਨ ਦਾ ਕਦਮ ਇਸ ਦਾ ਅੰਦਰੂਨੀ ਮੁੱਦਾ ਹੈ ਤੇ ਇਸ ਨੇ ਪਾਕਿਸਤਾਨ ਨੂੰ ਇਸ ਸੱਚਾਈ ਪ੍ਰਵਾਨ ਕਰਨ ਨੂੰ ਕਿਹਾ ਹੈ। ਰੂਸ ਨੇ ਜੰਮੂ-ਕਸ਼ਮੀਰ ਬਾਰੇ ਭਾਰਤ ਦੇ ਕਦਮ ਦਾ ਸਮਰਥਨ ਕੀਤਾ ਸੀ ਅਤੇ ਏਦਾਂ ਕਰਨ ਵਾਲਾ ਉਹ ਯੂ ਐਨ ਐਸ ਸੀ ਦਾ ਪਹਿਲਾ ਮੈਂਬਰ ਬਣ ਗਿਆ।

## ਦੋ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫਤੀ ਉਪ ਜੇਲ੍ਹ ਵਿੱਚ ਹੱਥੋਪਾਈ ਹੋ ਪਏ

ਸ੍ਰੀਨਗਰ, 13 ਅਗਸਤ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਹਟਾਏ ਜਾਣ ਦੇ ਨਾਲ ਇਸ ਰਾਜ ਦੇ ਵਿੱਚ ਖਾਨਦਾਨੀ ਸਿਆਸਤ ਖਤਮ ਹੋਣ ਤੋਂ ਖਿਝੇ ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਅਤੇ ਪੀ ਡੀ ਪੀ ਪਾਰਟੀ ਦੀ ਚੇਅਰਪਰਸਨ ਮਹਿਬੂਬਾ ਮੁਫਤੀ ਉਪ ਜੇਲ੍ਹ ਹਰਿ ਨਿਵਾਸ ਵਿੱਚ ਇੱਕ-ਦੂਸਰੇ ਨਾਲ ਲੜ ਪਏ। ਸੰਬੰਧਤ ਅਧਿਕਾਰੀਆਂ ਨੇ ਬਚਾਅ ਕਰ ਕੇ ਸਥਿਤੀ ਨੂੰ ਵਿਗੜਨ ਤੋਂ ਬਚਾਇਆ। ਇਸ ਦੇ ਤੁਰੰਤ ਬਾਅਦ ਉਮਰ ਅਬਦੁੱਲਾ ਨੂੰ ਜੰਗਲਾਤ ਵਿਭਾਗ ਦੇ ਗੈਸਟ ਹਾਊਸ ਵਿੱਚ ਸ਼ਿਫਟ ਕਰ ਦਿੱਤਾ ਗਿਆ ਹੈ।





ਵਰਨਣ ਯੋਗ ਹੈ ਕਿ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫਤੀ ਨੂੰ ਚਾਰ ਅਗਸਤ ਦੀ ਰਾਤ ਨੂੰ ਪੁਲਸ ਨੇ ਚੌਕਸੀ ਵਜੋਂ ਹਿਰਾਸਤ ਵਿੱਚ ਲਿਆ ਅਤੇ ਦੋਵਾਂ ਨੂੰ ਹਰਿ ਨਿਵਾਸ ਵਿੱਚ ਰੱਖਿਆ ਸੀ, ਜਿਸ ਨੂੰ ਉਪ ਜੇਲ੍ਹ ਦਾ ਦਰਜਾ ਦਿੱਤਾ ਗਿਆ ਸੀ। ਮਹਿਬੂਬਾ ਮੁਫਤੀ ਨੂੰ ਹਰਿ ਨਿਵਾਸ ਦੀ ਪਹਿਲੀ ਮੰਜ਼ਿਲ ਅਤੇ ਉਮਰ ਅਬਦੁੱਲਾ ਨੂੰ ਗਰਾਊਂਡ ਫਲੋਰ ਉਤੇ ਰੱਖਿਆ ਗਿਆ ਸੀ। ਜਾਣਕਾਰ ਸੂਤਰਾਂ ਮੁਤਾਬਕ ਉਮਰ ਅਬਦੁੱਲਾ ਅਤੇ ਮਹਿਬੂਬਾ ਮੁਫਤੀ ਵਿਚਾਲੇ ਗੱਲਬਾਤ ਉਤੇ ਪਹਿਲਾਂ ਕਿਸੇ ਤਰ੍ਹਾਂ ਦੀ ਰੋਕ-ਟੋਕ ਨਹੀਂ ਸੀ। ਪਰਸੋਂ ਸ਼ਾਮ ਦੋਵਾਂ ਵਿੱਚ ਸੂਬੇ ਦੀ ਮੌਜੂਦਾ ਸਥਿਤੀ ਤੋਂ ਬਹਿਸ ਹੋ ਗਈ। ਉਮਰ ਅਬਦੁੱਲਾ ਨੇ ਮਹਿਬੂਬਾ ਮੁਫਤੀ ਨੂੰ ਸੂਬੇ ਦੀ ਮੌਜੂਦਾ ਸਥਿਤੀ ਲਈ ਜ਼ਿੰਮੇਵਾਰ ਦੱਸਦੇ ਹੋਏ ਕਿਹਾ ਕਿ ਜੇ ਉਹ ਭਾਜਪਾ ਨਾਲ ਹੱਥ ਨਾ ਮਿਲਾਉਂਦੀ ਤਾਂ ਇਹ ਸਥਿਤੀ ਨਾ ਬਣਦੀ। ਉਨ੍ਹਾਂ ਨੇ ਮਹਿਬੂਬਾ ਮੁਫਤੀ ਉੱਤੇ ਚੀਕਦੇ ਹੋਏ ਕਹਿ ਦਿੱਤਾ ਕਿ ਉਸ ਦੇ ਪਿਤਾ ਮੁਫਤੀ ਮੁਹੰਮਦ ਸਈਦ ਨੇ 2015 ਵਿੱਚ ਮੁੱਖ ਮੰਤਰੀ ਬਣਨ ਲਈ ਭਾਜਪਾ ਨਾਲ ਸਮਝੌਤਾ ਕੀਤਾ ਸੀ। ਮਹਿਬੂਬਾ ਮੁਫਤੀ ਨੇ ਉਮਰ ਅਬਦੁੱਲਾ ਉੱਤੇ ਭਾਜਪਾ ਨਾਲ ਮਿਲੀਭੁਗਤ ਕਰਨ ਦਾ ਦੋਸ਼ ਲਾਉਂਦੇ ਹੋਏ ਕਿਹਾ ਕਿ ਉਹ ਕਸ਼ਮੀਰ ਵਿੱਚ ਭਾਜਪਾ ਦੇ ਏਜੰਡੇ ਦੇ ਨਾਲ ਖੜੋਤੇ ਹਨ। ਸਭ ਤੋਂ ਪਹਿਲਾਂ ਨੈਸ਼ਨਲ ਕਾਨਫਰੰਸ ਨੇ ਭਾਜਪਾ ਨਾਲ ਨਾਤਾ ਜੋੜਿਆ ਸੀ। ਉਨ੍ਹਾਂ ਉਮਰ ਅਬਦੁੱਲਾ ਨੂੰ ਕਿਹਾ ਕਿ ਡਾਕਟਰ ਫਾਰੂਕ ਅਬਦੁੱਲਾ ਨੇ ਵਾਜਪਾਈ ਨਾਲ ਸਭ ਤੋਂ ਪਹਿਲਾਂ ਹੱਥ ਮਿਲਾਇਆ ਸੀ ਅਤੇ ਉਮਰ ਅਬਦੁੱਲਾ ਨੂੰ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵਿੱਚ ਮੰਤਰੀ ਬਣਵਾਇਆ ਸੀ।

## ਡਾ. ਮਨਮੋਹਨ ਸਿੰਘ ਦਾ ਰਾਜ ਸਭਾ ਵਿੱਚ ਜਾਣਾ ਯਕੀਨੀ ਹੋ ਗਿਆ

ਨਵੀਂ ਦਿੱਲੀ, 13 ਅਗਸਤ (ਪੋਸਟ ਬਿਊਰੋ)- ਲਗਭਗ ਤਿੰਨ ਦਹਾਕੇ ਤੱਕ ਪਾਰਲੀਮੈਂਟ ਦੇ ਉਪਰਲੇ ਹਾਊਸ ਰਾਜ ਸਭ ਦੇ ਮੈਂਬਰ ਰਹੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਫਿਰ ਸਦਨ ਵਿੱਚ ਜਾਣ ਲਈ ਕਾਂਗਰਸੀ ਉਮੀਦਵਾਰ ਵਜੋਂ ਅੱਜ ਮੰਗਲਵਾਰ ਨੂੰ ਰਾਜਸਥਾਨ ਤੋਂ ਨਾਮਜ਼ਦਗੀ ਪੱਤਰ ਦਾਖਲ ਕਰ ਦਿੱਤਾ ਹੈ।



ਅੱਜ ਸਵੇਰੇ ਰਾਜਧਾਨੀ ਜੈਪੁਰ ਪੁੱਜਣ ਉੱਤੇ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਉਪ ਮੁੱਖ ਮੰਤਰੀ ਸਚਿਨ ਪਾਇਲਟ ਨੇ ਡਾਕਟਰ ਮਨਮੋਹਨ ਸਿੰਘ ਦਾ ਸਵਾਗਤ ਕੀਤਾ। ਕੁੱਲ 200 ਮੈਂਬਰਾਂ ਦੀ ਰਾਜਸਥਾਨ ਵਿਧਾਨ ਸਭਾ ਵਿੱਚ ਕਾਂਗਰਸ ਕੋਲ 100 ਵਿਧਾਇਕ ਹਨ ਅਤੇ ਇਨ੍ਹਾਂ ਤੋਂ ਇਲਾਵਾ ਉਨ੍ਹਾਂ ਕੋਲ 12 ਵਿਰੋਧੀ ਦਲ਼ਾਂ ਅਤੇ ਬਹੁਜਨ ਸਮਾਜ ਪਾਰਟੀ ਦੇ ਛੇ ਮੈਂਬਰਾਂ ਦਾ ਸਮਰਥਨ ਵੀ ਹੈ, ਜਿਸ ਕਾਰਨ ਡਾ. ਮਨਮੋਹਣ ਸਿੰਘ ਦੀ ਜਿੱਤ ਯਕੀਨੀ ਹੈ। ਦੂਜੇ ਪਾਸੇ ਮੁੱਖ ਵਿਰੋਧੀ ਧਿਰ ਭਾਰਤੀ ਜਨਤਾ ਪਾਰਟੀ ਕੋਲ ਸਿਰਫ਼ 73 ਵਿਧਾਇਕ ਹਨ। ਇਸ ਲਈ ਉਨ੍ਹਾਂ ਅਜੇ ਤੱਕ ਉਮੀਦਵਾਰ ਦਾ ਐਲਾਨ ਨਹੀਂ ਕੀਤਾ।

ਏਥੇ ਇੱਕ ਰਾਜ ਸਭਾ ਦੀ ਸੀਟ ਦੀ ਉਪ ਚੋਣ ਭਾਜਪਾ ਦੇ ਸੂਬਾ ਪ੍ਰਧਾਨ ਮਦਨ ਲਾਲ ਸੈਣੀ ਦਾ ਦੇਹਾਂਤ ਹੋਣ ਕਾਰਨ ਕਰਵਾਉਣੀ ਪਈ ਹੈ। ਇਸ ਤੋਂ ਪਹਿਲਾਂ ਇਸ ਸਾਲ ਹੋਈਆਂ ਰਾਜ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਡਾਕਟਰ ਮਨਮੋਹਨ ਸਿੰਘ ਦੀ ਸੀਟ ਪੱਕੀ ਨਹੀਂ ਕਰ ਸਕੀ ਸੀ। ਇਹ ਪਹਿਲਾ ਮੌਕਾ ਹੈ ਕਿ 27-28 ਸਾਲਾਂ ਵਿੱਚ ਪਾਰਲੀਮੈਂਟ ਵਿੱਚ ਮਨਮੋਹਨ ਸਿੰਘ ਨਹੀਂ ਹਨ। ਉਨ੍ਹਾਂ ਦਾ ਓਥੇ ਹੋਣਾ ਵਿਰੋਧੀ ਪੱਖ ਵਿੱਚ ਕਾਂਗਰਸ ਨੂੰ ਤਕੜੇ ਕਰੇਗਾ। ਪਹਿਲਾਂ ਜਦੋਂ ਕਾਂਗਰਸ ਮਨਮੋਹਨ ਸਿੰਘ ਲਈ ਕੋਈ ਸੀਟ ਨਾ ਨਿਕਲ ਸਕੀ ਤਾਂ ਸਭ ਨੇ ਇਸ ਨੂੰ ਮਨਮੋਹਨ ਸਿੰਘ ਦਾ ਰਿਟ-ਾਇਰ ਹੋਣਾ ਮੰਨ ਲਿਆ ਸੀ।

## ਫੇਸਬੁੱਕ ਰਾਹੀਂ ਮਿਲ ਸਕੀ ਭੈਣ 14 ਸਾਲ ਬਾਅਦ ਭਰਾ ਨੂੰ ਰੱਖੜੀ ਬੰਨ੍ਹੇਗੀ

ਗਾਜ਼ੀਆਬਾਦ, 13 ਅਗਸਤ (ਪੋਸਟ ਬਿਊਰੋ)- ਫੇਸਬੁਕ ਦੀ ਮਦਦ ਨਾਲ 14 ਸਾਲ ਪਿੱਛੋਂ ਫਿਰ ਮਿਲੀ ਭੈਣ ਆਪਣੇ ਭਰਾ ਦੇ ਗੁੱਟ ਉੱਤੇ ਰੱਖੜੀ ਬੰਨ੍ਹੇਗੀ। ਉਹ ਜਦੋਂ 3 ਸਾਲਾਂ ਦੀ ਸੀ ਤਾਂ ਭਰਾ ਅਤੇ ਪਿਤਾ ਤੋਂ ਵੱਖ ਹੋ ਗਈ ਸੀ। ਕਾਜਲ ਨੇ ਦੱਸਿਆ ਕਿ 2005 ਵਿੱਚ ਮੈਂ ਜਦੋਂ 3 ਸਾਲ ਦੀ ਸੀ ਤਾਂ ਮਾਂ ਨੇ ਪਾਪਾ ਅਤੇ ਵੱਡੇ ਭਰਾ ਅਭੀਸ਼ੇਕ ਨੂੰ ਛੱਡ ਕੇ ਦੂਜੀ ਜਗ੍ਹਾ ਵਿਆਹ ਕਰਾ ਲਿਆ ਸੀ। ਉਸ ਨੇ ਮੈਨੂੰ ਆਪਣੇ ਨਾਲ ਗੋਵਿੰਦਪੁਰੀ ਲੈ ਗਈ ਅਤੇ ਦੋਵੇਂ ਮੈਨੂੰ ਤੰਗ ਕਰਦੇ ਸਨ। ਮੈਂ ਆਪਣੇ ਭਰਾ ਅਤੇ ਪਾਪਾ ਨੂੰ ਠੀਕ ਤਰ੍ਹਾਂ ਨਹੀਂ ਵੇਖਿਆ ਸੀ। ਭਰਾ ਨੂੰ ਕਦੇ ਰੱਖੜੀ ਵੀ ਨਹੀਂ ਬੰਨ੍ਹੀ। ਇੱਕ ਦਿਨ ਗੱਲਾਂ ਕਰਦੇ ਹੋਏ ਮਾਂ ਨੇ ਭਰਾ ਦਾ ਨਾਮ ਦੱਸਿਆ ਤਾਂ ਮੈਂ ਫੇਸਬੁਕ ਉੱਤੇ ਭਰਾ ਦੀ ਆਈ ਡੀ ਸਰਚ ਕੀਤੀ ਤੇ ਨੰਬਰ ਕੱਢ ਕੇ ਸੰਪਰਕ ਕੀਤਾ। ਇਸ ਪਿੱਛੋਂ ਭਰਾ ਮੈਨੂੰ ਲੈਣ ਆ ਗਿਆ। ਬੀਤੇ ਸੋਮਵਾਰ ਇਹ ਕੇਸ ਪੁਲਿਸ ਤੱਕ ਗਿਆ ਤਾਂ ਐਸ ਐਚ ਓ ਸੰਜੀਵ ਸ਼ਰਮਾ ਨੇ ਐਸ ਡੀ ਐਮ ਕੋਰਟ ਵਿੱਚ ਕੁੜੀ ਦੇ ਬਿਆਨ ਦਰਜ ਕਰਵਾ ਕੇ ਭਰਾ ਨਾਲ ਭੇਜ ਦਿੱਤਾ।

ਐਸ ਐਚ ਓ ਨੇ ਦੱਸਿਆ ਕਿ ਦਿੱਲੀ ਦੇ ਵਸਨੀਕ ਇੱਕ ਵਿਅਕਤੀ ਦੀ ਪਤਨੀ ਨੇ 2005 ਵਿੱਚ ਮੋਦੀਨਗਰ ਦੇ ਇੱਕ ਨੌਜਵਾਨ ਨਾਲ ਕੋਰਟ-ਮੈਰਿਜ ਕਰਵਾਈ ਸੀ। ਔਰਤ ਆਪਣੇ 11 ਸਾਲਾ ਬੇਟੇ ਨੂੰ ਪਤੀ ਕੋਲ ਛੱਡ ਕੇ 3 ਸਾਲਾ ਧੀ ਨੂੰ ਨਾਲ ਲੈ ਗਈ। ਦੂਜੇ ਵਿਆਹ ਪਿੱਛੋਂ ਮਤਰੇਏ ਪਿਤਾ ਤੇ ਮਾਂ ਬੱਚੀ ਨੂੰ ਤੰਗ ਕਰਨ ਲੱਗੇ ਸਨ। ਅੱਜਕੱਲ੍ਹ ਕੁੜੀ 17 ਸਾਲ ਦੀ ਹੈ ਅਤੇ ਬੀ ਏ ਵਿੱਚ ਪੜ੍ਹਦੀ ਹੈ। ਸੋਮਵਾਰ ਨੂੰ ਭਰਾ ਨਾਲ ਸੰਪਰਕ ਮਗਰੋਂ ਦੋਵੇਂ ਕੋਤਵਾਲੀ ਆਏ ਅਤੇ ਸਾਰੀ ਗੱਲ ਦੱਸੀ। ਕੁੜੀ ਨੇ ਦੱਸਿਆ ਕਿ ਇੱਕ ਦਿਨ ਮਾਂ ਨੇ ਗੱਲਾਂ-ਗੱਲਾਂ ਵਿੱਚ ਭਰਾ ਤੇ ਪਿਤਾ ਦਾ ਨਾਮ ਦੱਸ ਦਿੱਤਾ ਤਾਂ ਉਹ ਭਰਾ ਨੂੰ ਫੇਸਬੁਕ ਉੱਤੇ ਸਰਚ ਕਰਨ ਲੱਗ ਪਈ। ਸੋਮਵਾਰ ਉਸ ਨੇ ਕਈ ਫੇਸਬੁਕ ਆਈ ਡੀ ਦੇ ਨੰਬਰਾਂ ਉੱਤੇ ਵਾਰੀ-ਵਾਰੀ ਕਾਲ ਕੀਤੀ ਤੇ ਭਰਾ ਦਾ ਪਤਾ ਕਰ ਲਿਆ। ਪੁਲਿਸ ਨੇ ਦੱਸਿਆ ਕਿ ਕੁੜੀ ਹਾਲੇ ਨਾਬਾਲਗ ਹੈ। ਉਸ ਨੇ ਭਰਾ ਅਤੇ ਪਿਤਾ ਨਾਲ ਰਹਿਣ ਦੀ ਇੱਛਾ ਜਤਾਈ ਤਾਂ ਉਸ ਨੂੰ ਐਸ ਡੀ ਐਮ ਕੋਰਟ ਵਿੱਚ ਬਿਆਨ ਦਰਜ ਕਰਾਉਣ ਪਿੱਛੋਂ ਭਰਾ ਨਾਲ ਦਿੱਲੀ ਭੇਜ ਦਿੱਤਾ ਹੈ। ਦੋਵੇਂ ਭਰਾ-ਭੈਣ 14 ਸਾਲ ਬਾਅਦ 15 ਅਗਸਤ ਨੂੰ ਰੱਖੜੀ ਦਾ ਦਿਨ ਮਨਾਉਣਗੇ।

## ਭਗਵਾਨ ਰਾਮ ਦੇ ਵਾਰਸ ਬਣਨ ਦੇ ਲਈ ਮੇਵਾੜ ਰਾਜ ਘਰਾਣਾ ਵੀ ਅੱਗੇ ਆਇਆ

ਜੈਪੁਰ, 13 ਅਗਸਤ (ਪੋਸਟ ਬਿਊਰੋ)- ਜੈਪੁਰ ਦੇ ਸਾਬਕਾ ਰਾਜ ਪਰਵਾਰ ਦੀ ਮੈਂਬਰ ਅਤੇ ਭਾਜਪਾ ਪਾਰਲੀਮੈਂਟ ਮੈਂਬਰ ਰਾਜਕੁਮਾਰੀ ਦੀਆ ਕੁਮਾਰੀ ਵੱਲੋਂ ਭਗਵਾਨ ਰਾਮ ਚੰਦਰ ਦਾ ਵੰਸ਼ਜ ਹੋਣ ਦਾ ਦਾਅਵਾ ਕੀਤੇ ਜਾਣ ਤੋਂ ਬਾਅਦ ਕਈ ਹੋਰ ਲੋਕਾਂ ਨੇ ਵੀ ਖੁਦ ਨੂੰ ਭਗਵਾਨ ਰਾਮ ਦਾ ਵੰਸ਼ਜ ਦੱਸਿਆ ਹੈ।

ਇਸ ਸੰਬੰਧ ਵਿੱਚ ਰਾਜਸਥਾਨ ਦੇ ਉਦੈਪੁਰ (ਮੇਵਾੜ) ਦੇ ਸਾਬਕਾ ਰਾਜ ਪਰਵਾਰ ਨੇ ਜਦੋਂ ਖੁਦ ਨੂੰ ਭਗਵਾਨ ਰਾਮ ਦਾ ਵੰਸ਼ ਦੱਸਿਆ ਹੈ ਤਾਂ ਰਾਜਸਥਾਨ ਸਰਕਾਰ ਦੇ ਐਡੀਸ਼ਨਲ ਐਡਵੋਕੇਟ ਜਨਰਲ ਤੇ ਇਸ ਰਾਜ ਦੀ ਕਾਂਗਰਸ ਕਮੇਟੀ ਦੇ ਬੁਲਾਰੇ ਸਤੇਂਦਰ ਸਿੰਘ ਰਾਘਵ ਨੇ ਵੀ ਖੁਦ ਨੂੰ ਭਗਵਾਨ ਰਾਮ ਦੇ ਪੁੱਤਰ ਲਵ ਦਾ ਵੰਸ਼ ਦੱਸਿਆ ਹੈ।

ਮੇਵਾੜ ਰਾਜ ਘਰਾਣੇ ਦਾ ਕਹਿਣਾ ਹੈ ਕਿ ਉਹ ਭਗਵਾਨ ਰਾਮ ਦੇ ਪੁੱਤਰ ਦੀ ਵੰਸ਼ ਹਨ। ਲਵ ਨੇ ਲਾਹੌਰ ਵਸਾਇਆ ਸੀ ਅਤੇ ਓਥੋਂ ਲਵ ਦੇ ਵੰਸ਼ ਦੇ ਲੋਕ ਬਾਅਦ 'ਚ ਮੇਵਾੜ ਆਏ ਤੇ ਇਥੇ ਸਿਸੋਦੀਆ ਸਾਮਰਾਜ ਕਾਇਮ ਕੀਤਾ ਸੀ। ਮੇਵਾੜ ਦੇ ਸਾਬਕਾ ਮਹਾਰਾਣਾ ਮਹੇਂਦਰ ਸਿੰਘ ਮੇਵਾੜ ਦਾ ਕਹਿਣਾ ਹੈ ਕਿ ਮੇਵਾੜ ਦਾ ਰਾਜ ਪ੍ਰਤੀਕ ਸੂਰਜ ਸੀ। ਭਗਵਾਨ ਰਾਮ ਵੀ ਸ਼ਿਵ ਦੇ ਉਪਾਸਕ ਸਨ ਅਤੇ ਮੇਵਾੜ ਰਾਜ ਪਰਵਾਰ ਵੀ ਸ਼ਿਵ ਦਾ ਉਪਾਸਕ ਹੈ। ਇਹ ਮੇਵਾੜ ਰਾਜ ਪਰਵਾਰ ਦੇ ਭਗਵਾਨ ਰਾਮ ਦਾ ਵੰਸ਼ ਹੋਣ ਦਾ ਸਬੂਤ ਹੈ। ਰਾਜਸਥਾਨ ਸਰਕਾਰ ਦੇ ਐਡੀਸ਼ਨਲ ਐਡਵੋਕੇਟ ਜਨਰਲ ਤੇ ਸੂਬਾ ਕਾਂਗਰਸ ਕਮੇਟੀ ਦੇ ਬੁਲਾਰੇ ਸਤੇਂਦਰ ਸਿੰਘ ਰਾਘਵ ਨੇ ਆਪਣੇ ਆਪ ਨੂੰ ਲਵ ਦਾ ਵੰਸ਼ ਦੱਸਦਿਆਂ ਕਿਹਾ ਕਿ ਲਵ ਦਾ ਰਾਜ ਉਤਰ ਕੌਸ਼ਲ ਸੀ, ਜਿਹੜਾ ਅੱਜ ਅਯੁੱਧਿਆ ਹੈ ਅਤੇ ਕੁਸ਼ ਨੂੰ ਦੱਖਣ ਕੌਸ਼ਲ ਦਾ ਸੂਬਾ ਦਿੱਤਾ ਗਿਆ ਸੀ, ਜਿਹੜਾ ਛੱਤੀਸਗੜ੍ਹ ਵਿੱਚ ਹੈ। ਉਨ੍ਹਾ ਨੇ ਕਿਹਾ ਕਿ ਲਵ ਦੇ ਅਸਲੀ ਵੰਸ਼ ਤਾਂ ਰਾਘਵ ਰਾਜਪੂਤ ਹਨ। ਉਹ ਬਡਗੁੱਜਰ ਰਾਜਪੂਤ ਹਨ, ਜਿਹੜੇ ਰਾਘਵ ਰਾਜਪੂਤ ਕਹਾਉਂਦੇ ਹਨ। ਉਨ੍ਹਾਂ ਕਿਹਾ ਕਿ ਵਾਲਮੀਕਿ ਰਮਾਇਣ ਦੇ ਨੰਬਰ 1671 ਵਿੱਚ ਜ਼ਿਕਰ ਕੀਤਾ ਗਿਆ ਹੈ ਕਿ ਲਵ ਅਤੇ ਕੁਸ਼ ਨੂੰ ਭਗਵਾਨ ਰਾਮ ਨੇ ਵੱਖੋ-ਵੱਖ ਰਾਜ ਸੌਂਪੇ ਸਨ। ਉਨ੍ਹਾਂ ਕਿਹਾ ਕਿ ਰਾਜਾ ਲਵ ਤੋਂ ਰਾਘਵ ਰਾਜਪੂਤਾਂ ਦਾ ਜਨਮ ਹੋਇਆ, ਜਿਨ੍ਹਾਂ 'ਚ ਬਡਗੁੱਜਰ, ਜਿਆਸ ਅਤੇ ਸਿਕਰਵਾਰਾਂ ਦਾ ਵੰਸ਼ ਚੱਲਿਆ। ਕੁਸ਼ ਤੋਂ ਕੁਸ਼ਵਾਹਾ (ਕਛਵਾਹ) ਦਾ ਵੰਸ਼ ਚੱਲਿਆ।

ਇਸ ਮਾਮਲੇ 'ਚ ਜੈਪੁਰ ਦੇ ਰਾਜ ਪਰਵਾਰ ਨੇ ਦਸਤਾਵੇਜ਼ ਦੇਖਣ ਦੇ ਨਾਲ ਹੀ ਇਤਿਹਾਸਕਾਰਾਂ ਨਾਲ ਚਰਚਾ ਕਰਨੀ ਸ਼ੁਰੂ ਕਰ ਦਿੱਤੀ ਹੈ। ਰਾਮ ਮੰਦਰ ਕੇਸ ਦੀ ਸੁਣਵਾਈ ਸੁਪਰੀਮ ਕੋਰਟ 'ਚ ਚੱਲ ਰਹੀ ਹੈ। ਨੌਂ ਅਗਸਤ ਨੂੰ ਸੁਪਰੀਮ ਕੋਰਟ ਨੇ ਰਾਮਲਲਾ ਦੇ ਵਕੀਲ ਤੋਂ ਪੁੱਛਿਆ ਸੀ ਕਿ ਕੀ ਕੋਈ ਭਗਵਾਨ ਰਾਮ ਦੇ ਵੰਸ਼ ਅਯੁੱਧਿਆ ਜਾਂ ਦੁਨੀਆ 'ਚ ਹੈ। ਇਸ ਤੋਂ ਬਾਅਦ ਦੀਆ ਕੁਮਾਰੀ ਨੇ ਜੈਪੁਰ ਦੇ ਸਾਬਕਾ ਰਾਜ ਪਰਵਾਰ ਦੇ ਭਗਵਾਨ ਰਾਮ ਦੇ ਵੰਸ਼ਜ ਹੋਣ ਦਾ ਦਾਅਵਾ ਕੀਤਾ ਸੀ।

## ਮੌਤ ਮਗਰੋਂ ਵੀ ਮਾਂ ਨੇ ਆਪਣੇ ਬੱਚੇ ਦਾ ਹੱਥ ਨਹੀਂ ਛੱਡਿਆ

ਕੇਰਲ, 13 ਅਗਸਤ (ਪੋਸਟ ਬਿਊਰੋ)- ਕੇਰਲ ਦੇ ਕੋਟਾਕੁਨੂ, ਜਿਥੇ ਦੋ ਦਿਨ ਪਹਿਲਾਂ ਵੱਡੇ ਪੱਧਰ 'ਤੇ ਢਿੱਗਾਂ ਡਿੱਗੀਆਂ ਸਨ, ਨੇੜੇ ਇਕ ਮ੍ਰਿਤਕ ਮਾਂ ਅਤੇ ਉਸ ਦੇ ਮ੍ਰਿਤਕ ਬੱਚੇ ਦੀ ਲਾਸ਼ ਨੂੰ ਵੇਖ ਕੇ ਲੋਕ ਅੱਥਰੂ ਰੋਕ ਨਹੀਂ ਸਕੇ।

ਰਾਹਤ ਕਾਰਜਾਂ 'ਚ ਜੁਟੇ ਬਚਾਅ ਕਰਮੀਆਂ ਨੇ ਕੋਟਾਕੁਨੂ ਨੇੜੇ ਔਰਤ ਤੇ ਉਸ ਦੇ ਬੱਚੇ ਦੀ ਲਾਸ਼ ਮਲਬੇ ਤੇ ਚਿੱਕੜ ਹੇਠੋਂ ਕੱਢੀ ਹੈ। ਮ੍ਰਿਤਕ ਮਾਂ ਨੇ ਆਪਣੇ ਕਲੇਜੇ ਦੇ ਟੁਕੜੇ ਦੇ ਹੱਥ ਨੂੰ ਕੱਸ ਕੇ ਫੜਿਆ ਹੋਇਆ ਸੀ। ਇਹ ਵੇਖ ਕੇ ਬਚਾਅ ਕਰਮੀ ਵੀ ਰੋ ਪਏ। ਮਾਂ ਨੇ ਬੱਚੇ ਦਾ ਹੱਥ ਏਨਾ ਕੱਸ ਕੇ ਫੜਿਆ ਹੋਇਆ ਸੀ ਕਿ ਮੌਤ ਬਾਅਦ ਵੀ ਉਸ ਨੂੰ ਛੁਡਾਉਣਾ ਮੁਸ਼ਕਿਲ ਹੋ ਰਿਹਾ ਸੀ। ਸਮਝਿਆ ਜਾਂਦਾ ਹੈ ਕਿ ਸ਼ੁੱਕਰਵਾਰ ਦੁਪਹਿਰ ਗੀਤੂ (21) ਨਾਂਅ ਦੀ ਔਰਤ ਆਪਣੇ ਡੇਢ ਸਾਲ ਦੇ ਬੇਟੇ ਧਰੁਵ ਦਾ ਹੱਥ ਫੜੇ ਹੋਏ ਅਚਾਨਕ ਹੜ੍ਹ ਅਤੇ ਢਿੱਗਾਂ ਡਿੱਗਣ ਦੀ ਲਪੇਟ 'ਚ ਆ ਗਈ। ਕਈ ਘੰਟੇ ਤਲਾਸ਼ ਪਿੱਛੋਂ ਬਚਾਅ ਕਰਮੀਆਂ ਨੇ ਸਰਤ ਦੀ ਪਤਨੀ ਗੀਤੂ ਤੇ ਉਸ ਦੇ ਬੱਚੇ ਦੀ ਲਾਸ਼ ਬਰਾਮਦ ਕੀਤੀ। ਇਸ ਘਟਨਾ 'ਚ ਸਰਤ ਬਚ ਗਿਆ। ਸਰਤ ਤੇ ਉਸ ਦਾ ਪਰਵਾਰ ਮਲਪੁਰਮ ਦੇ ਕੋਟਾਕੁਨੂ 'ਚ ਕਿਰਾਏ ਦੇ ਮਕਾਨ 'ਚ ਰਹਿੰਦਾ ਸੀ।

## ਸਿੱਕਮ ਡੈਮੋਕ੍ਰੇਟਿਕ ਫਰੰਟ ਦੇ 10 ਵਿਧਾਇਕ ਭਾਜਪਾ ਨੇ ਤੋੜ ਲਏ



ਨਵੀਂ ਦਿੱਲੀ, 13 ਅਗਸਤ (ਪੋਸਟ ਬਿਊਰੋ)- ਸਿੱਕਮ ਰਾਜ ਦੀ ਮੁੱਖ ਵਿਰੋਧੀ ਪਾਰਟੀ ਸਿੱਕਮ ਡੈਮੋਕ੍ਰੇਟਿਕ ਫਰੰਟ ਦੇ 10 ਵਿਧਾਇਕ ਮੰਗਲਵਾਰ ਨੂੰ ਭਾਜਪਾ ਵਿਚ ਸ਼ਾਮਲ ਹੋ ਗਏ। ਸਾਬਕਾ ਮੁੱਖ ਮੰਤਰੀ ਪਵਨ ਕੁਮਾਰ ਚਾਮਲਿੰਗ ਸਮੇਤ 4 ਹੋਰ ਵਿਧਾਇਕਾਂ ਨੂੰ ਛੱਡ ਕੇ ਬਾਕੀ ਸਾਰੇ ਵਿਧਾਇਕਾਂ ਨੇ ਦਿੱਲੀ ਆ ਕੇ ਭਾਜਪਾ ਦੀ ਮੈਂਬਰਸ਼ਿਪ ਲੈ ਲਈ ਹੈ।

ਭਾਜਪਾ ਦੇ ਕਾਰਜਕਾਰੀ ਚੇਅਰਮੈਨ ਜੇ ਪੀ ਨੱਡਾ ਅਤੇ ਜਨਰਲ ਸਕੱਤਰ ਰਾਮ ਮਾਧਵ ਨੇ ਇਨ੍ਹਾਂ ਸਭ ਨੂੰ ਪਾਰਟੀ ਦੀ ਮੈਂਬਰਸ਼ਿਪ ਦਿੱਤੀ ਹੈ। ਵਰਨਣ ਯੋਗ ਹੈ ਕਿ ਵਿਧਾਨ ਸਭਾ ਚੋਣਾਂ ਵੇਲੇ ਸਿੱਕਮ ਵਿਚ ਭਾਜਪਾ ਅਪਣਾ ਖਾਤਾ ਨਹੀਂ ਖੋਲ੍ਹ ਸਕੀ ਸੀ, ਪਰ ਐਸ ਡੀ ਐਫ ਦੇ 10 ਵਿਧਾਇਕਾਂ ਦੇ ਪਾਰਟੀ ਵਿਚ ਆਉਣ ਨਾਲ ਤਾਕਤ ਵਧੀ ਹੈ। ਸਿੱਕਮ ਡੈਮੋਕ੍ਰੇਟਿਕ ਫਰੰਟ ਨੇ ਸਿੱਕਮ ਵਿਚ 25 ਸਾਲ ਰਾਜ ਕੀਤਾ ਸੀ। ਇਸ ਸਾਲ ਦੀਆਂ ਵਿਧਾਨ ਸਭਾ ਚੋਣਾਂ 2019 ਵਿਚ ਪਵਨ ਕੁਮਾਰ ਚਾਮਲਿੰਗ ਦੀ ਪਾਰਟੀ ਐਸ ਡੀ ਐਫ ਦੇ 15 ਵਿਧਾਇਕ ਜਿੱਤੇ ਸਨ ਅਤੇ ਭਾਜਪਾ ਇਕ ਵੀ ਸੀਟ ਨਹੀਂ ਸੀ ਜਿੱਤ ਸਕੀ। ਅੱਜ ਐਸ ਡੀ ਐਫ ਦੇ 15 ਵਿਚੋਂ 10 ਵਿਧਾਇਕ ਇਸ ਪਾਰਟੀ ਵਿੱਚ ਆਉਣ ਨਾਲ ਭਾਜਪਾ ਇਕੋ ਝਟਕੇ ਦੇ ਨਾਲ ਜ਼ੀਰੋ ਤੋਂ 10 ਹੋ ਗਈ ਹੈ। ਪਵਨ ਚਾਮਲਿੰਗ ਨੇ 1993 ਵਿਚ ਸਿੱਕਮ ਡੈਮੋਕਰੇਟਿਕ ਫਰੰਟ ਬਣਾਇਆ ਸੀ ਅਤੇ ਉਸ ਤੋਂ ਬਾਅਦ 1994, 1999, 2004, 2009, 2014 ਦੀਆਂ ਵਿਧਾਨ ਸਭਾ ਚੋਣਾਂ ਵਿਚ ਪੂਰੇ ਬਹੁਮਤ ਨਾਲ ਸਰਕਾਰ ਬਣਾਈ ਸੀ, ਪਰ ਇਸ ਸਾਲ 2019 ਵਿਚ ਵਿਧਾਨ ਸਭਾ ਚੋਣਾਂ ਵਿਚ ਐਸ ਡੀ ਐਫ ਨੂੰ ਹਾਰ ਹੋਈ ਸੀ।

## ਹਰਿਆਣਾ ਵਿੱਚ ਬੈਂਕ ਵਿੱਚੋਂ ਕਰੋੜਾਂ ਦੀ ਚੋਰੀ, ਗਹਿਣੇ ਅਤੇ ਨਕਦੀ ਚੋਰ ਲੈ ਗਏ



ਪਾਨੀਪਤ, 13 ਅਗਸਤ (ਪੋਸਟ ਬਿਊਰੋ)- ਹਰਿਆਣਾ ਦੇ ਪਾਨੀਪਤ ਵਿੱਚ ਪੰਜਾਬ ਐਂਡ ਸਿੰਧ ਬੈਂਕ ਵਿੱਚ ਹੈਰਾਨੀ ਵਾਲੀ ਚੋਰੀ ਦਾ ਪਤਾ ਲੱਗਾ ਹੈ। ਐਤਵਾਰ 11 ਅਗਸਤ ਨੂੰ ਛੁੱਟੀ ਦਾ ਲਾਭ ਉਠਾ ਕੇ ਚੋਰਾਂ ਨੇ ਛੱਤ ਦਾ ਲੈਂਟਰ ਤੋੜਿਆ ਅਤੇ ਬੈਂਕ ਵਿੱਚੋਂ ਲਾਕਰ ਤੋੜ ਕੇ ਚੋਰੀ ਕਰ ਲਈ। ਚੋਰ ਗਹਿਣੇ ਅਤੇ 1.30 ਕਰੋੜ ਰੁਪਏ ਦੀ ਨਕਦੀ ਲੁੱਟ ਕੇ ਲੈ ਗਏ।

ਪੁਲਸ ਅਧਿਕਾਰੀਆਂ ਦੇ ਦੱਸਣ ਮੁਤਾ-ਬਕ ਪਾਨੀਪਤ ਦੇ ਸਨੌਲੀ ਰੋਡ ਦੇ ਗੁਰ-ਦੁਆਰੇ ਵਿੱਚ ਸਕੂਲ ਦੇ ਹੇਠਾਂ ਪੰਜਾਬ ਐਂਡ ਸਿੰਧ ਬੈਂਕ ਹੈ। ਸੋਮਵਾਰ ਜਦੋਂ ਸਕੂਲ ਦਾ ਸੁਰੱਖਿਆ ਗਾਰਡ ਆਇਆ ਤਾਂ ਉਸ ਨੇ ਪਹਿਲੀ ਮੰਜ਼ਲ ਉੱਤੇ ਦੇਖਿਆ ਕਿ ਲੈਂਟਰ ਕੱਟਿਆ ਹੋਇਆ ਅਤੇ ਟਾਟ-ਪੱਟੀ ਲਟਕੀ ਸੀ। ਉਸ ਨੇ ਸਕੂਲ ਇੰਚਾਰਜ ਅਧਿਆਪਕਾ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੱਸਿਆ। ਐੱਸ ਪੀ ਸੁਮਿਤ ਕੁਮਾਰ ਅਤੇ ਪੰਚਕੂਲਾ ਤੋਂ ਪੰਜਾਬ ਐਂਡ ਸਿੰਧ ਬੈਂਕ ਹੈੱਡਕੁਆਰਟਰ ਦੇ ਸੀਨੀਅਰ ਮੈਨੇਜਰ ਪ੍ਰਦੀਪ ਮੌਕੇ ਉੱਤੇ ਪੁੱਜੇ। ਚੋਰੀ ਪਿੱਛੋਂ ਬਦਮਾਸ਼ ਮੌਕੇ ਉੱਤੇ ਡਰਿੱਲ ਮਸ਼ੀਨ, ਰਾਡ, ਹਥੌੜਾ, ਰੱਸੀ ਤੇ ਹੋਰ ਸਾਮਾਨ ਓਥੇ ਛੱਡ ਗਏ ਸਨ। ਪਤਾ ਲੱਗਾ ਹੈ ਕਿ ਬਦਮਾਸ਼ ਸਟ੍ਰਾਂਗ ਰੂਮ ਵਿੱਚ ਦਾਖਲ ਹੋਏ, 6 ਲਾਕਰ ਤੋੜੇ ਅਤੇ ਚੋਰੀ ਕਰ ਲਈ। ਚੋਰੀ ਕਦੋਂ ਹੋਈ, ਇਸ ਦਾ ਪਤਾ ਅਜੇ ਨਹੀਂ ਲੱਗ ਸਕਿਆ। ਐਤਵਾਰ ਛੁੱਟੀ ਸੀ ਤੇ ਛੱਤ ਦਾ ਲੈਂਟਰ ਕੱਟਣ ਵਿੱਚ ਉਨ੍ਹਾਂ ਨੂੰ ਕਾਫੀ ਸਮਾਂ ਲੱਗਾ ਹੋਵੇਗਾ। ਪੁਲਸ ਨੇ ਦੱਸਿਆ ਕਿ ਚੋਰ ਪਾਈਪ ਦੇ ਸਹਾਰੇ ਸਕੂਲ ਦੇ ਕਮਰੇ ਦੀ ਖਿੜਕੀ ਤਕ ਪਹੁੰਚੇ ਅਤੇ ਖਿੜਕੀ ਕੱਟ ਕੇ ਬੈਂਕ ਉੱਪਰਲੇ ਕਮਰੇ ਵਿਚ ਵੜੇ। ਇਹ ਲਾਕਰ ਰੂਮ ਦੇ ਉੱਪਰਲਾ ਕਮਰਾ ਸੀ। ਫਿਰ ਉਨ੍ਹਾਂ ਨੇ ਕਟਰ ਦੀ ਮਦਦ ਨਾਲ ਲੈਂਟਰ ਕੱਟਿਆ ਤੇ ਸਕੂਲ ਵਿੱਚ ਰੱਖੇ ਟਾਟ-ਪੱਟੀ ਦੇ ਸਹਾਰੇ ਹੇਠਾਂ ਉਤਰ ਕੇ ਲਾਕਰ ਰੂਮ ਵਿੱਚ ਚੋਰੀ ਕੀਤੀ। ਪੁਲਸ ਨੇ ਅਣਪਛਾਤੇ ਬਦਮਾਸ਼ਾਂ ਉੱਤੇ ਕੇਸ ਦਰਜ ਕਰ ਲਿਆ।

## ਕਰਾਚੀ ਵਿੱਚ ਮੀਕਾ ਨਾਈਟ ਵਿੱਚ ਆਈ ਐੱਸ ਆਈ, ਡੀ ਗੈਂਗ ਦੇ ਲੋਕ ਵੀ ਮੌਜੂਦ ਰਹੇ

ਨਵੀਂ ਦਿੱਲੀ, 13 ਅਗਸਤ (ਪੋਸਟ ਬਿਊਰੋ)- ਕਰਾਚੀ ਵਿੱਚ ਪੰਜਾਬ ਗਾਇਕ ਮੀਕਾ ਦੇ ਪ੍ਰਫਾਰਮੈਂਸ ਬਾਰੇ ਵਿਵਾਦ ਰੁਕਦਾ ਨਹੀਂ ਦਿੱਸ ਰਿਹਾ। ਇਸ ਸਮਾਰੋਹ ਵਿੱਚ ਆਏ ਮਹਿਮਾਨਾਂ ਬਾਰੇ ਵੀ ਹੰਗਾਮਾ ਖੜ੍ਹਾ ਹੋ ਗਿਆ ਹੈ।



ਮਿਲੀਆਂ ਖਬਰਾਂ ਦੇ ਮੁਤਾਬਕ ਜਿਸ ਸਮੇਂ ਮੀਕਾ ਪ੍ਰਫਾਰਮ ਕਰ ਰਹੇ ਸਨ, ਉਸ ਵੇਲੇ ਨਾ ਸਿਰਫ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐੱਸ ਆਈ ਦੇ ਕਈ ਅਧਿਕਾਰੀ ਉਥੇ ਸਨ, ਸਗੋਂ ਭਾਰਤ ਦੇ ਮੋਸਟ ਵਾਂਟਿਡ ਦਾਊਦ ਇਬਰਾਹੀਮ ਦੇ ਪਰਵਾਰ ਵਾਲੇ ਵੀ ਉਥੇ ਸਨ। ਸਾਬਕਾ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਦੇ ਚਚੇਰੇ ਭਰਾ ਅਰਬਪਤੀ ਕਾਰੋਬਾਰੀ ਅਦਨਾਨ ਅਸਦ ਦੀ ਬੇਟੀ ਸੇਲੀਨਾ ਦੀ ਅੱਠ ਅਗਸਤ ਨੂੰ ਮਹਿੰਦੀ ਦੀ ਰਸਮ ਸੀ। ਇਸੇ ਪ੍ਰੋਗਰਾਮ ਵਿੱਚ ਪ੍ਰਫਾਰਮ ਕਰਨ ਮੀਕਾ ਕਰਾਚੀ ਗਏ ਸਨ। ਇਹ ਸਮਾਰੋਹ ਡਿਫੈਂਸ ਹਾਊਸ ਅਥਾਰਟੀ ਦੇ ਫੇਜ਼-7 ਦੇ 23 ਬੀਚ ਐਵੇਨਿਊ ਵਿਖੇ ਆਯੋਜਤ ਕੀਤਾ ਗਿਆ ਸੀ। ਇਹ ਸਥਾਨ ਉਸ ਜਗ੍ਹਾ ਤੋਂ ਬਹੁਤ ਦੂਰ ਨਹੀਂ, ਜਿੱਥੇ ਕਰਾਚੀ ਵਿੱਚ ਅਨੀਸ ਇਬਰਾਹੀਮ ਅਤੇ ਛੋਟਾ ਸ਼ਕੀਲ ਰਹਿੰਦੇ ਹਨ। ਕਰਾਚੀ ਦੇ ਇੱਕ ਪ੍ਰਮੁੱਖ ਅਖਬਾਰ ਦੇ ਸੀਨੀਅਰ ਪੱਤਰਕਾਰ ਦੇ ਮੁਤਾਕ ਟੀਸ਼ੂ ਪੇਪਰ ਬਣਾਉਣ ਦਾ ਕੰਮ ਕਰਨ ਵਾਲੇ ਅਦਨਾਬ ਅਸਦ ਆਪਣੇ ਚਚੇਰੇ ਭਰਾ ਮੁਸ਼ੱਰਫ ਦੇ ਰਾਜ ਦੌਰਾਨ ਕਰਾਚੀ ਦੇ ਪ੍ਰਮੁੱਖ ਕਾਰੋਬਾਰੀਆਂ ਵਿੱਚ ਗਿਣੇ ਜਾਣ ਲੱਗੇ ਸਨ। ਅਸਦ ਦੀ ਚੋਟੀ ਦੇ ਕ੍ਰਿਕਟਰਾਂ ਨਾਲ ਵੀ ਨੇੜਤਾ ਹੈ। ਇਸ ਵਿੱਚ ਪ੍ਰਧਾਨ ਮੰਤਰੀ ਇਮਰਾਨ ਖਾਨ, ਜਾਵੇਦ ਮਿਆਂਦਾਦ ਅਤੇ ਜਹੀਰ ਅੱਬਾਸ ਸ਼ਾਮਲ ਹਨ। ਪ੍ਰਧਾਨ ਮੰਤਰੀ ਦੇ ਨਾਲ ਨੇੜਤਾ ਦੇ ਕਾਰਨ ਅਸਦ ਮੀਕਾ ਤੇ ਉਸ ਦੇ 14 ਮੈਂਬਰੀ ਗਰੁੱਪ ਲਈ ਵੀਜ਼ਾ ਲੈਣ ਵਿੱਚ ਸਫਲ ਰਹੇ। ਉਨ੍ਹਾਂ ਦੱਸਿਆ ਕਿ ਬਾਲੀਵੁੱਡ ਨਾਈਟ ਵਿੱਚ ਚੋਟੀ ਦੇ ਅਫਸਰਾਂ ਦੇ ਇਲਾਵਾ, ਫੌਜ ਅਤੇ ਪੁਲਸ ਦੇ ਅਧਿਕਾਰੀ, ਮਿਆਂਦਾਦ ਸਮੇਤ ਸਟਾਰ ਕ੍ਰਿਕਟਰਾਂ ਨੂੰ ਸੱਦਾ ਦਿੱਤਾ ਗਿਆ ਸੀ।

ਜਾਵੇਦ ਮਿਆਂਦਾਦ ਦੇ ਬੇਟੇ ਜੁਨੈਦ ਦਾ ਵਿਆਹ ਦਾਊਦ ਦੀ ਬੇਟੀ ਮਾਹਰੁਖ ਨਾਲ ਹੋਇਆ ਸੀ। ਇਸ ਪੱਤਰਕਾਰ ਨੇ ਮਿਆਂਦਾਦ ਨੇ ਦਾਊਦ ਇਬਰਾਹੀਮ ਨਾਲ ਸੰਬੰਧਾਂ ਨੂੰ ਮੰਨਿਆ, ਪਰ ਡੀ-ਕੰਪਨੀ ਦੇ ਬੌਸ ਨਾਲ ਜੁੜੇ ਟਿਕਾਣੇ ਨਾਲ ਸੰਬੰਧਤ ਕਿਸੇ ਹੋਰ ਪ੍ਰਸ਼ਨ ਦਾ ਜਵਾਬ ਦੇਣ ਤੋਂ ਪਰਹੇਜ ਕੀਤਾ। ਵੀਨਸ ਗਰੁੱਪ ਦੇ ਮਾਲਕ ਅਸਦ ਦੀ ਫੇਸਬੁਕ ਪ੍ਰੋਫਾਈਲ ਦਾਅਵਾ ਕਰਦੀ ਹੈ ਕਿ ਉਸ ਦੀ ਸਟਾਰ ਕ੍ਰਿਕਟਰਾਂ ਤੇ ਫੌਜ ਦੇ ਉਚ ਅਧਿਕਾਰੀਆਂ ਨਾਲ ਨੇੜਤਾ ਹੈ। ਉਨ੍ਹਾਂ ਦੀ ਫਰੈਂਡ ਲਿਸਟ ਵਿੱਚ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਦੇ ਸਾਬਕਾ ਮੁਖੀ ਅਹਿਮਦ ਸ਼ੁਜਾ ਪਾਸ਼ਾ ਵੀ ਹਨ। ਪਾਸ਼ਾ ਦੇ ਹੁੰਦਿਆਂ ਹੀ ਲਸ਼ਕਰ ਏ ਤੋਇਬਾ ਨੇ ਸਾਲ 2008 ਵਿੱਚ ਮੁੰਬਈ ਵਿੱਚ ਦਹਿਸ਼ਤਗਰਦ ਹਮਲਾ ਕਰਾਇਆ ਸੀ, ਜਿਸ ਵਿੱਚ 166 ਲੋਕ ਮਾਰੇ ਗਏ ਸਨ ਅਤੇ ਇਸ ਵਿੱਚ ਹਾਫਿਜ਼ ਸਈਦ ਦਾ ਵੀ ਹੱਥ ਦੱਸਿਆ ਗਿਆ ਸੀ।

## 20 ਨੂੰ ਚੰਦਰਯਾਨ-2 ਚੰਦਰਮਾ ਦੇ ਪੰਧ ਵਿੱਚ ਪਹੁੰਚੇਗਾ

ਅਹਿਮਦਾਬਾਦ, 13 ਅਗਸਤ (ਪੋਸਟ ਬਿਊਰੋ)- ਭਾਰਤ ਦਾ ਮੂਨ ਮਿਸ਼ਨ ਚੰਦਰਯਾਨ-2 ਇਸ ਮਹੀਨੇ ਦੀ 20 ਤਰੀਕ ਨੂੰ ਚੰਦਰਮਾ ਦੇ ਪੰਧ ਵਿੱਚ ਦਾਖਲ ਹੋ ਜਾਵੇਗਾ। ਉਸ ਤੋਂ ਬਾਅਦ 31 ਅਗਸਤ ਤੱਕ ਚੰਦਰਮਾ ਦੇ ਪੰਧ 'ਚ ਪਰਿਕਰਮਾ ਕਰਦਾ ਰਹੇਗਾ। ਫਿਰ ਚੰਦਰਮਾ ਦੇ ਦੱਖਣੀ ਧਰੁਵ ਵੱਲ ਵਧੇਗਾ ਅਤੇ ਸੱਤ ਸਤੰਬਰ ਨੂੰ ਚੰਦਰਯਾਨ-2 ਚੰਦਰਮਾ ਦੇ ਦੱਖਣੀ ਧਰੁਵ 'ਤੇ ਉਤਰੇਗਾ। ਹਾਲੇ ਤੱਕ ਚੰਦਰਮਾ ਦੇ ਇਸ ਹਿੱਸੇ 'ਚ ਕੋਈ ਉਪਗ੍ਰਹਿ ਨਹੀਂ ਉਤਰਿਆ।



ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਚੇਅਰਮੈਨ ਕੇ ਸਿਵਾਨ ਨੇ ਕੱਲ੍ਹ ਇਸ ਬਾਰੇ ਪੱਤਰਕਾਰਾਂ ਨੂੰ ਦੱਸਿਆ ਕਿ ਚੰਦਰਯਾਨ-2 ਉਪਗ੍ਰਹਿ ਦੋ ਦਿਨ ਬਾਅਦ ਧਰਤੀ ਦੇ ਪੰਧ ਤੋਂ ਨਿਕਲ ਕੇ ਚੰਦਰਮਾ ਦੇ ਪੰਧ ਵੱਲ ਵਧੇਗਾ। ਧਰਤੀ ਦੇ ਪੰਧ ਤੋਂ ਚੰਦਰਮਾ ਦੇ ਪੰਧ ਵਿਚਕਾਰ ਦੇ ਗਲਿਆਰੇ ਦੀ ਯਾਤਰਾ ਲਗਭਗ ਸੱਤ ਦਿਨਾਂ ਦੀ ਹੋਵੇਗੀ। ਡਾ.ਸਿਵਾਨ ਭਾਰਤੀ ਪੁਲਾੜ ਪ੍ਰੋਗਰਾਮ ਦੇ ਮੋਢੀ ਮੰਨੇ ਜਾਂਦੇ ਡਾ. ਵਿਕਰਮ ਸਾਰਾਭਾਈ ਦੇ ਜਨਮ ਸ਼ਤਾਬਦੀ ਸਮਾਰੋਹ 'ਚ ਹਿੱਸਾ ਲੈਣ ਆਏ ਸਨ। ਡਾ. ਵਿਕਰਮ ਸਾਰਾਭਾਈ ਦੇ ਨਾਂ 'ਤੇ ਹੀ ਚੰਦਰਯਾਨ-2 ਦੇ ਲੈਂਡਰ ਏਅਰਕ੍ਰਾਫਟ ਦਾ ਨਾਂ ਵਿਕਰਮ ਰੱਖਿਆ ਗਿਆ ਹੈ।

ਚੰਦਰਯਾਨ-2 ਦਾ ਵਜ਼ਨ ਲਗਭਗ 3.8 ਟਨ ਹੈ। ਇਸ ਦੇ ਤਿੰਨ ਹਿੱਸੇ ਆਰਬਿ-ਟਰ, ਲੈਂਡਰ ਤੇ ਰੋਵਰ ਹਨ। ਇਸ ਦੀ ਲਾਂਚਿੰਗ 22 ਜੁਲਾਈ ਨੂੰ ਆਂਧਰਾ ਪ੍ਰਦੇਸ਼ ਦੇ ਸ੍ਰੀਹਰੀਕੋਟਾ 'ਚ ਡਾ. ਸਤੀਸ਼ ਧਵਨ ਪੁਲਾੜ ਪਲੇਟਫਾਰਮ 'ਚ ਹੋਈ ਸੀ। ਸਿਵਾਨ ਨੇ ਦੱਸਿਆ ਕਿ ਲਾਂਚ ਤੋਂ ਬਾਅਦ ਚੰਦਰਯਾਨ-2 ਦਾ ਧਰਤੀ ਦਾ ਪੰਧ ਪੰਜ ਵਾਰ ਬਦਲਿਆ ਹੈ। ਉਪਗ੍ਰਹਿ ਇਸ ਸਮੇਂ ਧਰਤੀ ਦੀ ਪਰਿਕਰਮਾ ਕਰ ਰਿਹਾ ਹੈ ਅਤੇ 20 ਅਗਸਤ ਨੂੰ ਚੰਦਰਮਾ ਦੇ ਪੰਧ 'ਚ ਪ੍ਰਵੇਸ਼ ਕਰੇਗਾ।' ਉਨ੍ਹਾਂ ਦੱਸਿਆ ਕਿ ਧਰਤੀ ਦੇ ਪੰਧ 'ਚੋਂ ਨਿਕਲਣ ਪਿੱਛੋਂ ਚੰਦਰਮਾ ਦੇ ਪੰਧ 'ਚ ਦਾਖਲ ਹੋਵੇਗਾ। ਇਸ ਨਾਲ 20 ਅਗਸਤ ਤੱਕ ਉਪਗ੍ਰਹਿ ਨੂੰ ਚੰਦਰਮਾ ਦੇ ਪੰਧ ਤੱਕ ਪਹੁੰਚਾਇਆ ਜਾਵੇਗਾ। ਚੰਦਰਮਾ ਦੇ ਪੰਧ 'ਚ ਪਹੁੰਚਣ ਤੋਂ ਬਾਅਦ ਇਕ ਵਾਰ ਫਿਰ ਚੰਦਰਯਾਨ ਦੇ ਪੰਧ 'ਚ ਬਦਲਾਅ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ, ਜਿਸ ਤੋਂ ਬਾਅਦ ਉਹ ਸੱਤ ਸਤੰਬਰ ਨੂੰ ਆਪਣੀ ਮੰਜ਼ਿਲ ਤੱਕ ਪਹੁੰਚੇਗਾ।

## ਆਪਸੀ ਮਤਭੇਦ ਵਿਵਾਦ ਦਾ ਮੁੱਦਾ ਨਹੀਂ ਬਣਨੇ ਚਾਹੀਦੇ: ਜੈਸ਼ੰਕਰ

ਬੀਜਿੰਗ, 13 ਅਗਸਤ (ਪੋਸਟ ਬਿਊਰੋ)- ਚੀਨ ਦੇ ਤਿੰਨ ਦਿਨਾਂ ਦੌਰੇ 'ਤੇ ਗਏ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕੱਲ੍ਹ ਚੀਨ 'ਚ ਕਿਹਾ ਕਿ ਕੋਈ ਵੀ ਦੁਪਾਸੜ ਮਤਭੇਦ ਵਿਵਾਦ ਦਾ ਮੁੱਦਾ ਨਹੀਂ ਬਣਨੇ ਚਾਹੀਦੇ। ਚੀਨ ਦਾ ਕਹਿਣਾ ਹੈ ਕਿ ਭਾਰਤ ਨੂੰ ਖੇਤਰੀ ਸ਼ਾਂਤੀ ਤੇ ਸਥਿਰਤਾ ਲਈ 'ਰਚਨਾਤਮਕ ਭੂਮਿਕਾ' ਨਿਭਾਉਣੀ ਚਾਹੀਦੀ ਹੈ।

ਬੀਤੇ ਦਿਨੀਂ ਚੀਨ ਦੇ ਦੌਰੇ ਲਈ ਗਏ ਭਾਰਤ ਦੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਕੱਲ੍ਹ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦੇ ਬੇਹੱਦ ਭਰੋਸੇਮੰਦ ਉਪ ਰਾਸ਼ਟਰਪਤੀ ਵਾਂਗ ਸ਼ਾਨ ਨਾਲ ਮੁਲਾਕਾਤ ਦੇ ਬਾਅਦ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਡੈਲੀਗੇਸ਼ਨ ਪੱਧਰ ਦੀ ਗੱਲਬਾਤ ਕੀਤੀ। ਵਿਦੇਸ਼ ਮੰਤਰੀ ਵਾਂਗ ਨੇ ਜੈਸ਼ੰਕਰ ਦਾ ਸਵਾਗਤ ਕਰਦੇ ਹੋਏ ਭਾਰਤ ਪਾਕਿ ਵਿਚਾਲੇ ਜਾਰੀ ਤਣਾਅ 'ਤੇ ਗੱਲਬਾਤ ਕੀਤੀ, ਪਰ ਉਹ ਜੰਮੂ ਕਸ਼ਮੀਰ 'ਚ ਭਾਰਤ ਵੱਲੋਂ ਧਾਰਾ 370 ਹਟਾ ਕੇ ਉਸ ਦੇ ਵਿਸ਼ੇਸ਼ ਦਰਜਾ ਨੂੰ ਖਤਮ ਕਰਨ ਬਾਰੇ ਸਿੱਧੇ ਤੌਰ 'ਤੇ ਕੁਝ ਕਹਿਣ ਤੋਂ ਬਚਦੇ ਨਜ਼ਰ ਆਏ। ਉਨ੍ਹਾਂ ਕਿਹਾ ਕਿ ਅਸੀਂ ਸ਼ਾਂਤੀਪੂਰਨ ਭਾਈਵਾਲੀ ਦੇ ਪੰਜ ਸਿਧਾਂਤਾਂ 'ਤੇ ਵਿਸ਼ਵਾਸ ਰੱਖਦੇ ਹਾਂ, ਜਿਸ 'ਚ ਆਪਸੀ ਸੂਝਬੂਝ ਤੇ ਲਾਭਕਾਰੀ ਸਹਿਯੋਗ ਹੋਣਾ ਜ਼ਰੂਰੀ ਹੈ ਅਤੇ ਇਸ ਨਾਲ ਵਿਸ਼ਵ ਸ਼ਾਂਤੀ ਤੇ ਮਾਨਵਤਾ ਦੇ ਵਿਕਾਸ 'ਚ ਅਹਿਮ ਯੋਗਦਾਨ ਪਾਇਆ ਜਾ ਸਕਦਾ ਹੈ। ਚੀਨੀ ਵਿਦੇਸ਼ ਮੰਤਰੀ ਵਾਂਗ ਨੇ ਕਿਹਾ ਕਿ ਚੀਨ ਅਤੇ ਭਾਰਤ ਉਤੇ ਵੱਡੇ ਦੇਸ਼ ਹੋਣ ਕਾਰਨ ਖਿੱਤੇ ਦੀ ਸ਼ਾਂਤੀ ਤੇ ਸਥਿਰਤਾ ਨੂੰ ਸਥਾਪਤ ਕਰਨ ਦੀ ਵੱਧ ਜ਼ਿੰਮੇਵਾਰੀ ਹੈ।

ਭਾਰਤ ਅਤੇ ਚੀਨ ਦੇ ਵਿਦੇਸ਼ ਮੰਤਰੀਆਂ ਐਸ ਜੈਸ਼ੰਕਰ ਅਤੇ ਵਾਂਗ ਯੀ ਦੀ ਅਗਵਾਈ ਵਿੱਚ ਦੋਵਾਂ ਦੇਸ਼ਾਂ ਦੇ ਉਚ ਪੱਧਰੀ ਵਫਦਾਂ ਵਿਚਾਲੇ ਕੱਲ੍ਹ ਦੂਸਰੀ ਬੈਠਕ ਤੋਂ ਬਾਅਦ ਸੱਭਿਆਚਾਰ ਅਤੇ ਲੋਕਾਂ ਤੋਂ ਲੋਕਾਂ ਵਿਚਾਲੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਚਾਰ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ ਹਨ। ਅਧਿਕਾਰਤ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਇਹ ਸਮਝੌਤੇ ਸੱਭਿਆਚਾਰਕ ਲੈਣ-ਦੇਣ, ਹੈਲਥਕੇਅਰ, ਖੇਡਾਂ ਤੇ ਮਿਊਜ਼ੀਅਮ ਪ੍ਰਬੰਧ ਦੇ ਖੇਤਰ ਵਿੱਚ ਸਹਿਯੋਗ ਵਧਾਉਣ ਲਈ ਕੀਤੇ ਗਏ ਹਨ ਅਤੇ ਆਪਸੀ ਕਾਰੋਬਾਰੀ ਰਿਸ਼ਤਿਆਂ ਨੂੰ ਮਜ਼ਬੂਤੀ ਪ੍ਰਦਾਨ ਕਰਨ ਲਈ ਨਵੇਂ ਮੌਕਿਆਂ ਦੀ ਤਲਾਸ਼ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ ਜੈਸ਼ੰਕਰ ਮੰਤਰੀ ਬਣਨ ਤੋਂ ਪਹਿਲਾਂ ਆਪਣੇ ਕੂਟਨੀਤਕ ਕੈਰੀਅਰ ਵੇਲੇ 2009 ਤੋਂ 2013 ਤੱਕ ਚੀਨ ਵਿੱਚ ਭਾਰਤ ਦੇ ਰਾਜਦੂਤ ਰਹਿ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਸ ਸਾਲ ਦੇ ਅਖੀਰ 'ਚ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਭਾਰਤ ਦੌਰੇ 'ਤੇ ਆਉਣਗੇ। ਜੈਸ਼ੰਕਰ ਤੋਂ ਪਹਿਲਾਂ 9 ਅਗਸਤ ਨੂੰ ਪਾਕਿ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਕਸ਼ਮੀਰ ਨੂੰ ਲੈ ਕੇ ਚੀਨ ਦਾ ਸੰਯੁਕਤ ਰਾਸ਼ਟਰ 'ਚ ਸਮਰਥਨ ਹਾਸਲ ਕਰਨ ਲਈ ਦੌਰਾ ਕਰ ਚੁੱਕੇ ਹਨ।

## ਮਿਆਂਮਾਰ 'ਚ ਜ਼ਮੀਨ ਖਿਸਕਣ ਨਾਲ ਮੌਤਾਂ ਦੀ ਗਿਣਤੀ 56 ਹੋਈ



*ਘਟਨਾਸਥਾਨ ਤੋਂ ਲਾਸ਼ਾਂ ਬਾਹਰ ਕੱਢਦੇ ਹੋਏ ਸੁਰੱਖਿਆ ਕਰਮੀ।*

ਯੰਗੂਨ, 13 ਅਗਸਤ (ਪੋਸਟ ਬਿਊਰੋ)- ਦੱਖਣ ਪੂਰਬੀ ਮਿਆਂਮਾਰ 'ਚ ਜ਼ਮੀਨ ਖਿਸਕਣ ਕਾਰਨ ਦਰਜਨ ਦੇ ਕਰੀਬ ਘਰ ਇਸ ਦੇ ਹੇਠ ਦੱਬੇ ਗਏ ਹਨ, ਜਿਸ ਕਾਰਨ ਮੌਤਾਂ ਦੀ ਗਿਣਤੀ 56 ਤੱਕ ਪਹੁੰਚ ਗਈ ਹੈ।

ਸ਼ੁੱਕਰਵਾਰ ਨੂੰ ਪੌਂਗ ਕਸਬੇ 'ਚ ਢਿੱਗਾਂ ਡਿੱਗਣ ਕਾਰਨ ਇਕ ਪਿੰਡ ਪ੍ਰਭਾਵਿਤ ਹੋਇਆ ਸੀ। ਪੌਂਗ ਤੋਂ ਪਾਰਲੀਮੈਂਟ ਦੇ ਮੈਂਬਰ ਜਾ ਜਾ ਹਟੂ ਨੇ ਹਫਤੇ ਦੇ ਅੰਤ ਵਿੱਚ ਘਟਨਾ ਸਥਾਨ ਦਾ ਦੌਰਾ ਕਰਦਿਆਂ ਕਿਹਾ ਕਿ ਕੱਲ੍ਹ ਰਾਹਤ ਕਰਮੀਆਂ ਨੇ ਤਿੰਨ ਹੋਰ ਲਾਸ਼ਾਂ ਬਰਾਮਦ ਕੀਤੀਆਂ ਹਨ, ਜਿਸ ਨਾਲ ਮੌਤਾਂ ਦੀ ਗਿਣਤੀ 56 ਹੋ ਗਈ ਹੈ। ਮੋਨ ਸੂਬੇ ਦੇ ਅਧਿਕਾਰੀ ਆਈ ਜ਼ਾਨ ਨੇ ਭਾਰੀ ਮੀਂਹ ਕਾਰਨ ਹੜ੍ਹ ਪ੍ਰਭਾਵਿਤ ਇਲਾਕਿਆਂ 'ਚੋਂ ਕੱਢ ਕੇ ਰਾਹਤ ਕੈਂਪਾਂ 'ਚ ਰਹਿ ਰਹੇ ਲੋਕਾਂ ਦਾ ਹਾਲ ਜਾਣਿਆ ਅਤੇ ਪ੍ਰਭਾਵਿਤ ਪਿੰਡਾਂ ਦਾ ਦੌਰਾ ਵੀ ਕੀਤਾ। ਯੂ ਐਨ ਰਿਪੋਰਟ ਅਨੁਸਾਰ ਪਿਛਲੇ ਇਕ ਹਫਤੇ 'ਚ ਮਾਨਸੂਨ ਦੇ ਭਾਰੀ ਮੀਂਹ ਕਾਰਨ ਆਏ ਹੜ੍ਹਾਂ ਕਾਰਨ ਮੋਨ ਸੂਬੇ 'ਚ ਘੱਟੋ-ਘੱਟ 7000 ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਹਨ। ਜ਼ਮੀਨ ਖਿਸਕਣ ਕਾਰਨ ਪੌਂਗ 'ਚ ਘਰ ਅਤੇ ਸਕੂਲ ਨੁਕਸਾਨੇ ਗਏ ਅਤੇ ਸੜਕਾਂ ਬੰਦ ਹੋ ਗਈਆਂ ਅਤੇ ਕਾਫੀ ਪਿੰਡ ਹੜ੍ਹਾਂ 'ਚ ਘਿਰ ਗਏ ਹਨ। ਮਿਆਂਮਾਰ 'ਚ ਪਿਛਲੇ ਇਕ ਹਫਤੇ 'ਚ 12 ਹਜ਼ਾਰ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਹਨ। ਯੂ ਐਨ ਨੇ ਕਿਹਾ ਕਿ ਰਾਹਤ ਕੇਂਦਰਾਂ 'ਚ ਲੋਕਾਂ ਦੀ ਗਿਣਤੀ 38 ਹਜ਼ਾਰ ਹੋ ਗਈ ਹੈ।

## ਯੂ ਐਨ ਵਿੱਚ ਪਾਕਿਸਤਾਨੀ ਰਾਜਦੂਤ ਮਲੀਹਾ ਲੋਧੀ ਵਿਰੁੱਧ ਪਾਕਿ ਨਾਗਰਿਕ ਭੜਕਿਆ

### * ਪਾਕਿ ਨੌਜਵਾਨ ਨੇ ਕਿਹਾ: 'ਤੁਸੀਂ ਚੋਰ ਹੋ

ਵਾਸ਼ਿੰਗਟਨ, 13 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਧਾਰਾ 370 ਹਟਾਉਣ ਦੇ ਬਾਅਦ ਪਾਕਿਸਤਾਨ ਦੁਨੀਆ ਭਰ ਦੇ ਨੇਤਾਵਾਂ ਦਾ ਸਾਥ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸ ਕੋਸ਼ਿਸ਼ ਵਿਚ ਪਾਕਿਸਤਾਨ ਨੇ ਹਰ ਪਾਸਿਉਂ ਮੂੰਹ ਦੀ ਖਾਧੀ ਹੈ। ਤਾਜ਼ਾ ਕੇਸ ਨਿਊਯਾਰਕ ਵਿਚ ਯੂ ਐੱਨ ਦੇ ਇਕ ਪ੍ਰੋਗਰਾਮ ਦਾ ਹੈ, ਜਿੱਥੇ ਇਕ ਪਾਕਿਸਤਾਨੀ ਸ਼ਖਸ ਨੇ ਪਾਕਿਸਤਾਨ ਦੀ ਪੱਕੀ ਦੂਤ ਮਲੀਹਾ ਲੋਧੀ ਦੀ ਬੇਇੱਜ਼ਤੀ ਕਰ ਦਿੱਤੀ ਹੈ।



ਮਲੀਹਾ ਲੋਧੀ ਨੂੰ ਓਦੋਂ ਇਕ ਪ੍ਰੋਗਰਾਮ ਤੋਂ ਬਾਹਰ ਜਾਣਾ ਪਿਆ, ਜਦੋਂ ਉਨ੍ਹਾਂ ਉੱਤੇ ਇਕ ਸ਼ਖਸ ਨੇ ਭ੍ਰਿਸ਼ਟਾਚਾਰ ਦਾ ਦੋਸ਼ ਲਾਇਆ ਅਤੇ ਕਿਹਾ, ਤੁਸੀਂ ਖੁਦ ਚੋਰ ਹੋ। ਤੁਹਾਨੂੰ ਪਾਕਿਸਤਾਨ ਦੀ ਨੁਮਾਇੰਦਗੀ ਦਾ ਹੱਕ ਨਹੀਂ। ਵੀਡੀਓ ਵਿਚ ਮਲੀਹਾ ਲੋਧੀ ਪਾਕਿਸਤਾਨੀ ਨਾਗਰਿਕ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਬਚਦੀ ਨਜ਼ਰ ਆ ਰਹੀ ਹੈ। ਉਹ ਜਿੱਥੇ ਮੀਡੀਆ ਨੂੰ ਸੰਬੋਧਤ ਕਰਦੀ ਹੈ, ਓਥੇ ਇਕ ਸ਼ਖਸ ਗੁੱਸੇ ਵਿਚ ਖੜ੍ਹਾ ਉਨ੍ਹਾਂ ਨੂੰ ਕਹਿੰਦਾ ਹੈ, ਕੀ ਉਨ੍ਹਾਂ ਕੋਲ ਉਸ ਦੇ ਸਵਾਲਾਂ ਦਾ ਜਵਾਬ ਦੇਣ ਲਈ ਇੱਕ ਮਿੰਟ ਦਾ ਵੀ ਸਮਾਂ ਨਹੀਂ। ਇਸ ਦੇ ਬਾਅਦ ਉਹ ਬਿਨਾਂ ਉਸ ਦੇ ਜਵਾਬ ਦਾ ਉਡੀਕ ਕੀਤੇ ਇਹ ਕਹਿੰਦਾ ਹੈ, ਤੁਸੀਂ ਪਿਛਲੇ 15-20 ਮਿੰਟ ਤੋਂ ਕੀ ਕਰ ਰਹੀ ਹੋ। ਤੁਸੀਂ ਸਾਡੀ ਨੁਮਾਇੰਦਗੀ ਨਹੀਂ ਕਰ ਰਹੇ। ਡਿਪਲੋਮੈਟ ਮਲੀਹਾ ਲੋਧੀ ਨੇ ਕਿਹਾ ਕਿ ਉਹ ਉਸ ਦੇ ਸਵਾਲਾਂ ਦੇ ਜਵਾਬ ਨਹੀਂ ਦੇਵੇਗੀ। ਜਦੋਂ ਮਲੀਹਾ ਓਥੋਂ ਜਾਣ ਲੱਗੀ ਤਾਂ ਉਸ ਆਦਮੀ ਨੇ ਦੂਜਾ ਸਵਾਲ ਕੀਤਾ ਕਿ ਤੁਸੀਂ ਸਾਡਾ ਪੈਸਾ ਚੋਰੀ ਕਰਦੇ ਹੋ। ਤੁਸੀਂ ਚੋਰ ਹੋ। ਤੁਸੀਂ ਸਾਡੀ ਨੁਮਾਇੰਦਗੀ ਦੇ ਹੱਕਦਾਰ ਨਹੀਂ। ਇਸ ਪਿੱਛੋਂ ਉਸ ਨੇ ਬਾਹਰ ਜਾਂਦੀ ਮਲੀਹਾ ਲੋਧੀ ਦਾ ਪਿੱਛਾ ਕਰਨ ਦੀ ਕੋਸ਼ਿਸ਼ ਕੀਤੀ। ਪ੍ਰੋਗਰਾਮ ਵਿਚ ਮੌਜੂਦ ਲੋਕਾਂ ਨੇ ਉਸ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਮਲੀਹਾ ਲੋਧੀ ਪ੍ਰੋਗਰਾਮ ਤੋਂ ਬਾਹਰ ਨਿਕਲੀ ਤਾਂ ਉਸ ਆਦਮੀ ਨੇ ਕਿਹਾ, ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ। ਇੰਨੇ ਸਾਲਾਂ ਵਿਚ ਤੁਸੀਂ ਸਾਡਾ ਪੈਸਾ ਖਾ ਰਹੇ ਹੋ। ਟਵਿੱਟਰ ਉੱਤੇ ਲੋਕਾਂ ਨੇ ਮਲੀਹਾ ਲੋਧੀ ਨੂੰ ਸਵਾਲ ਕਿਹਾ ਕਿ ਉਹ ਅਮਰੀਕਾ ਵਿਚ ਚੋਖਾ ਰਹਿ ਚੁੱਕੀ ਹੈ। ਉਨ੍ਹਾਂ ਨੂੰ ਵਾਪਸ ਪਾਕਿਸਤਾਨ ਭੇਜ ਦੇਣਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਮਲੀਹਾ ਲੋਧੀ ਅਮਰੀਕਾ ਵਿਚ ਪਾਕਿਸਤਾਨ ਦੀ ਰਾਜਦੂਤ ਰਹਿ ਚੁੱਕੀ ਹੈ। ਕੁਝ ਲੋਕਾਂ ਨੇ ਉਨ੍ਹਾਂ ਨੂੰ ਟੈਕਸ ਦੇਣ ਵਾਲਿਆਂ ਦੇ ਪੈਸੇ ਦੀ ਦੁਰਵਰਤੋਂ ਕਰਨ ਵਾਲੀ ਕਿਹਾ। ਟਵਿੱਟਰ ਉੱਤੇ ਕਿਸੇ ਨੇ ਸਵਾਲ ਪੁੱਛਣ ਵਾਲੇ ਨੂੰ ਸਲਾਮ ਕਰ ਕੇ ਕਿਹਾ, 'ਸਲਾਮ ਹੈ ਭਰਾ, ਜਿਸ ਨੇ ਸਵਾਲ ਕੀਤਾ।' ਇਕ ਹੋਰ ਯੂਜ਼ਰ ਨੇ ਲਿਖਿਆ, 'ਉਹ ਬੰਦਾ ਬਿਲਕੁਲ ਸਹੀ ਹੈ। ਮਲੀਹਾ ਨੇ ਪਿਛਲੇ 15 ਸਾਲਾਂ ਤੋਂ ਯੂ ਐੱਨ ਵਿਚ ਸਾਡੇ ਲਈ ਕੁਝ ਨਹੀਂ ਕੀਤਾ ਹੈ।'

## ਕਮਸ਼ੀਰ ਨਾਲ ਸਬੰਧਤ ਪੱਤਰ ਬਾਰੇ ਅਮਰੀਕੀ ਪਾਰਲੀਮੈਂਟ ਮੈਂਬਰ ਨੇ ਮੁਆਫੀ ਮੰਗੀ

ਵਾਸ਼ਿੰਗਟਨ, 13 ਅਗਸਤ (ਪੋਸਟ ਬਿਊਰੋ)- ਅਮਰੀਕੀ ਕਾਂਗਰਸ ਦੇ ਇਕ ਮੈਂਬਰ ਟਾਮ ਸੁਓਜੀ ਨੇ ਕਸ਼ਮੀਰ ਉੱਤੇ ਵਿਦੇਸ਼ ਮੰਤਰੀ ਮਾਈਕ ਪੋਂਪੀਓ ਨੂੰ ਲਿਖੇ ਪੱਤਰ ਬਾਰੇ ਭਾਰਤੀ ਲੋਕਾਂ ਨਾਲ ਚਰਚਾ ਨਾ ਕਰਨ ਲਈ ਮੁਆਫੀ ਮੰਗੀ ਹੈ।

ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਨੂੰ ਖਤਮ ਕਰਨ ਦੇ ਭਾਰਤ ਦੇ ਫੈਸਲੇ ਪਿੱਛੋਂ ਕਸ਼ਮੀਰ ਵਿੱਚ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਆਪਣੀ ਚਿੰਤਾ ਦੱਸਣ ਲਈ ਪੋਂਪੀਓ ਨੂੰ ਪੱਤਰ ਲਿਖਣ ਤੋਂ ਪਹਿਲਾਂ ਭਾਰਤੀ-ਅਮਰੀਕੀਆਂ ਨਾਲ ਚਰਚਾ ਨਾ ਕਰਨ ਲਈ ਸੁਓਜੀ ਨੇ ਭਾਰਤੀ-ਅਮਰੀਕੀ ਲੋਕਾਂ ਤੋਂ ਮੁਆਫੀ ਮੰਗੀ ਹੈ। ਉਨ੍ਹਾਂ ਨੇ ਪੋਂਪੀਓ ਨੂੰ 9 ਅਗਸਤ ਨੂੰ ਪੱਤਰ ਲਿਖਿਆ ਸੀ ਕਿ ਇਸ ਰਾਜ ਦੀ ਖੁਦਮੁਖਤਿਆਰੀ ਤੇ ਕਸ਼ਮੀਰੀਆ ਦੇ ਅਧਿਕਾਰਾਂ ਉੱਤੇ ਨਵੀਂ ਪਾਬੰਦੀ ਕਟੜਪੰਥੀਆਂ ਤੇ ਅੱਤਵਾਦੀਆਂ ਨੂੰ ਕਾਰਵਾਈ ਲਈ ਉਕਸਾ ਸਕਦੀ ਹੈ। ਇਸ ਤੋਂ ਭਾਰਤੀ-ਅਮਰੀਕੀ ਲੋਕ ਨਰਾਜ਼ ਸਨ। ਸੁਓਜੀ ਨਿਊਯਾਰਕ ਦੇ ਜਿਸ ਇਲਾਕੇ ਦੀ ਪ੍ਰਤੀਨਿਧਤਾ ਕਰਦੇ ਹਨ, ਉਥੇ ਵੱਡੀ ਗਿਣਤੀ ਵਿੱਚ ਭਾਰਤੀ ਮੂਲ ਦੇ ਲੋਕ ਰਹਿੰਦੇ ਹਨ। ਸੁਓਜੀ ਨੇ ਭਾਰਤੀ-ਅਮਰੀਕੀ ਲੋਕਾਂ ਦੀ ਐਮਰਜੰਸੀ ਬੈਠਕ ਬੁਲਾਈ, ਜਿਸ ਵਿੱਚ 100 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ ਤੇ ਉਨ੍ਹਾਂ ਨੂੰ ਆਪਣਾ ਪੱਤਰ ਵਾਪਸ ਲੈਣ ਨੂੰ ਕਿਹਾ। ਇਸ ਉੱਤੇ ਸੁਓਜੀ ਨੇ ਕਿਹਾ ਕਿ ਇਹ ਸਾਫ ਹੈ ਕਿ ਪੱਤਰ ਭੇਜਣ ਤੋਂ ਪਹਿਲਾਂ ਮੈਂ ਆਪਣੇ ਭਾਰਤੀ-ਅਮਰੀਕੀ ਦੋਸਤਾਂ ਨਾਲ ਗੱਲ ਨਹੀਂ ਕੀਤੀ ਤੇ ਇਹ ਮੇਰੀ ਗਲਤੀ ਸੀ। ਮੈਨੂੰ ਅਜਿਹਾ ਕਰਨਾ ਚਾਹੀਦਾ ਸੀ। ਮੈਂ ਮੁਆਫੀ ਚਾਹੁੰਦਾ ਹੈ। ਜੇ ਮੈਂ ਪੱਤਰ ਭੇਜਣ ਤੋਂ ਪਹਿਲਾਂ ਉਨ੍ਹਾਂ ਨਾਲ ਮਿਲਿਆ ਹੁੰਦਾ ਤਾਂ ਮੈਂ ਆਪਣੀਆਂ ਚਿੰਤਾਵਾਂ ਨੂੰ ਅਲੱਗ ਤਰੀਕੇ ਨਾਲ ਦੱਸਦਾ।

## ਮਿੱਠਾ ਖਾਣ ਤੋਂ ਰੋਕਣ ਕਾਰਨ ਵਿਵਾਦਾਂ 'ਚ ਘਿਰੀ ਚਾਈਲਡ ਕੇਅਰ ਸੈਂਟਰ ਦੀ ਟੀਚਰ

ਆਕਲੈਂਡ, 13 ਅਗਸਤ (ਪੋਸਟ ਬਿਊਰੋ)- ਕਈ ਵਾਰ ਚੰਗੇ ਮਕਸਦ ਲਈ ਕੀਤਾ ਕੰਮ ਆਪਣੇ ਉਪਰ ਮਾੜਾ ਪੈ ਜਾਂਦਾ ਹੈ। ਨਿਊਜ਼ੀਲੈਂਡ ਦੇ ਇਕ ਚਾਈਲਡ ਕੇਅਰ ਸਕੂਲ ਦੀ ਇੱਕ ਅਧਿਆਪਕਾ ਨੇ ਕੁਝ ਬੱਚਿਆਂ ਨੂੰ ਆਪਣੇ ਲੰਚ ਬਾਕਸ 'ਚੋਂ ਮਿੱਠੀਆਂ ਵਸਤਾਂ, ਆਲੂਆਂ ਦੇ ਚਿਪਸ, ਬਿਸਕੁਟ ਤੇ ਕਰੈਕਰ ਆਦਿ ਖਾਣ ਤੋਂ ਰੋਕ ਦਿੱਤਾ ਤੇ ਕਿਹਾ ਸੀ। ਇਹ ਅਧਿਆਪਕਾ ਕਸੂਤੀ ਫਸ ਗਈ ਹੈ ਅਤੇ ਇਸ ਉੱਤੇ 10 ਵੱਖ-ਵੱਖ ਕਿਸਮਾਂ ਦੋਸ਼ ਲਾਏ ਗਏ ਹਨ, ਜਿਸ ਦੇ ਨਾਲ ਜਿਥੇ ਬਿਜ਼ਨਸ ਉਤੇ ਫਰਕ ਪਿਆ, ਉਥੇ ਬੱਚਿਆਂ ਦੇ ਮਨਾਂ ਅੰਦਰ ਵੀ ਖਾਣ ਵਾਲੀਆਂ ਵਸਤਾਂ ਨੂੰ ਲੈਕ ਸ਼ੰਕੇ ਪੈਦਾ ਹੋ ਗਏ ਸਨ। ਸਾਲ 2017 ਦੇ ਇਸ ਵਾਕਿਆ ਬਾਰੇ ਇਕ ਹੋਰ ਅਧਿਆਪਕਾ ਨੇ ਦੱਸਿਆ ਕਿ ਉਹ ਅਧਿਆਪਕਾ ਬੱਚਿਆਂ ਦੇ ਲੰਚ ਬਾਕਸ ਅਕਸਰ ਹੀ ਚੈਕ ਕਰਦੀ ਅਤੇ ਵੇਖਦੀ ਸੀ ਕਿ ਬੱਚੇ ਕੋਈ ਅਜਿਹੀ ਚੀਜ਼ ਤਾਂ ਨਹੀਂ ਲਿਆਏ ਜੋ ਪੌਸ਼ਟਿਕ ਨਾ ਹੋਵੇ। ਜੇ ਕੁਝ ਅਜਿਹਾ ਨਿਕਲਦਾ ਤਾਂ ਉਹ ਖਾਣ ਵਾਲੀ ਵਸਤੂ ਉਨ੍ਹਾਂ ਦੇ ਲੰਚ ਬਾਕਸ ਵਿੱਚੋਂ ਕੱਢ ਦਿੰਦੀ ਸੀ।

## ਅਮਰੀਕੀ 'ਡੇਅ ਕੇਅਰ ਸੈਂਟਰ' ਵਿੱਚ ਅੱਗ ਨਾਲ ਪੰਜ ਬੱਚਿਆਂ ਦੀ ਮੌਤ

ਵਾਸ਼ਿੰਗਟਨ, 13 ਅਗਸਤ (ਪੋਸਟ ਬਿਊਰੋ)- ਪੈਂਸਿਲਵੇਨੀਆ ਦੇ ਏਰੀ ਸ਼ਹਿਰ ਵਿੱਚ ਇਕ ਡੇਅ ਕੇਅਰ ਸੈਂਟਰ 'ਚ ਅੱਗ ਲੱਗਣ ਨਾਲ ਪੰਜ ਬੱਚਿਆਂ ਦੀ ਮੌਤ ਹੋ ਗਈ ਅਤੇ ਇਸ ਦਾ ਮਾਲਕ ਗੰਭੀਰ ਜ਼ਖਮੀ ਹੋ ਗਿਆ।



ਏਰੀ ਫਾਇਰ ਬ੍ਰਿਗੇਡ ਵਿਭਾਗ ਦੇ ਮੁਖੀ ਗਾਏ ਸੈਂਟੋਨ ਨੇ ਦੱਸਿਆ ਕਿ ਇਨ੍ਹਾਂ ਬੱਚਿਆਂ ਦੀ ਉਮਰ ਅੱਠ ਮਹੀਨੇ ਤੋਂ ਲੈ ਕੇ ਸੱਤ ਸਾਲ ਦੇ ਵਿਚਕਾਰ ਸੀ। ਮ੍ਰਿਤਕ ਪੰਜ ਬੱਚਿਆਂ ਵਿੱਚ ਚਾਰ ਭਰਾ-ਭੈਣ ਸਨ। ਏਰੀ ਦੇ ਮੁੱਖ ਅਧਿਕਾਰੀ ਜਾਨ ਵਿਡੋਮਸਕੀ ਨੇ ਵੀ ਘਟਨਾ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਘੱਟੋ ਘੱਟ ਚਾਰ ਬੱਚੇ ਰਾਤ ਨੂੰ ਡੇਅ ਕੇਅਰ ਸੈਂਟਰ (ਅਜਿਹਾ ਸਥਾਨ ਜਿਥੇ ਕੰਮਕਾਜੀ ਮਾਤਾ ਪਿਤਾ ਆਪਣੇ ਬੱਚਿਆਂ ਨੂੰ ਛੱਡ ਜਾਂਦੇ ਹਨ) ਵਿੱਚ ਸਨ। ਇਹ ਇਕ ਰਿਹਾਇਸ਼ੀ ਮਕਾਨ ਸੀ, ਜਿਸ ਨੂੰ ਡੇਅ ਕੇਅਰ ਸੈਂਟਰ 'ਚ ਤਬਦੀਲ ਕੀਤਾ ਗਿਆ ਸੀ। ਵਿਡੋਮਸਕੀ ਨੇ ਦੱਸਿਆ ਕਿ ਦੇਰ ਰਾਤ 1.15 ਵਜੇ ਅੱਗ ਲੱਗਣ ਦੀ ਜਾਣਕਾਰੀ ਮਿਲੀ ਤਾਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਜਦੋਂ ਉਥੇ ਪਹੁੰਚੀਆਂ ਤਾਂ ਅੱਗ ਦੀਆਂ ਲਪਟਾਂ ਖਿੜਕੀ 'ਚੋਂ ਬਾਹਰ ਨਿਕਲ ਰਹੀਆਂ ਸਨ। ਉਨ੍ਹਾਂ ਕਿਹਾ ਕਿ ਅੱਗ ਲੱਗਣ ਦੇ ਕਾਰਨਾਂ ਦਾ ਹਾਲੇ ਪਤਾ ਨਹੀਂ ਲੱਗ ਸਕਿਆ। ਇਸ ਘਟਨਾ 'ਚ ਦੋ ਵੱਡੇ ਬੱਚੇ ਜ਼ਖਮੀ ਵੀ ਹੋ ਗਏ ਹਨ। ਇਕ ਰਿਪੋਰਟ ਅਨੁਸਾਰ ਅੱਗ ਦੀਆਂ ਲਪਟਾਂ ਦੇਖ ਕੇ ਬਚਣ ਲਈ ਦੋ ਬੱਚਿਆਂ ਨੇ ਪਹਿਲੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ, ਜਿਸ ਦੇ ਬਾਅਦ ਉਹ ਜ਼ਖਮੀ ਹੋ ਗਏ। ਘਟਨਾ ਦੇ ਬਾਅਦ ਪਹੁੰਚੇ ਅੱਗ ਬੁਝਾਓ ਅਮਲੇ ਦੇ ਅਧਿਕਾਰੀਆਂ ਨੇ ਕਿਹਾ ਕਿ ਇਮਾਰਤ 'ਚ ਜੇ ਅੱਗ ਬੁਝਾਓ ਯੰਤਰ ਹੁੰਦੇ ਤਾਂ ਕਾਫੀ ਬੱਚਿਆਂ ਨੂੰ ਬਚਾਇਆ ਜਾ ਸਕਦਾ ਸੀ।

## ਪਾਕਿ ਦੇ ਮੰਤਰੀ ਨੇ ਭਾਰਤ ਦੇ ਪੰਜਾਬੀ ਫੌਜੀਆਂ ਨੂੰ ਭਾਰਤ ਦੇ ਵਿਰੋਧ ਲਈ ਉਕਸਾਇਆ

ਇਸਲਾਮਾਬਾਦ, 13 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਮੰਤਰੀ ਫਵਾਦ ਚੌਧਰੀ ਕਈ ਵਾਰ ਆਪਣੇ ਬਿਆਨ ਕਾਰਨ ਮਖੌਲ ਦੇ ਪਾਤਰ ਬਣੇ ਹਨ ਅਤੇ ਉਨ੍ਹਾਂ ਨੂੰ ਕਈ ਵਾਰ ਸੋਸ਼ਲ ਮੀਡੀਆ ਉੱਤੇ ਟ੍ਰੋਲ ਕੀਤਾ ਗਿਆ ਹੈ, ਪਰ ਉਹ ਸੁਧਰਦੇ ਨਹੀਂ ਤੇ ਏਸੇ ਲਈ ਇੱਕ ਵਾਰ ਫਿਰ ਉਹ ਮਜ਼ਾਕ ਦਾ ਪਾਤਰ ਬਣ ਗਏ ਹਨ।

ਭਾਰਤ ਸਰਕਾਰ ਵਲੋਂ ਜੰਮੂ-ਕਸ਼ਮੀਰ ਦੀ ਧਾਰਾ 370 ਬਾਰੇ ਫੈਸਲੇ ਪਿੱਛੋਂ ਪਾਕਿਸਤਾਨ ਅੱਜ ਕੱਲ੍ਹ ਭਾਰਤ ਦੇ ਖਿਲਾਫ ਜ਼ਹਿਰ ਉਗਲ ਰਿਹਾ ਹੈ। ਇਸ ਦੌਰਾਨ ਪਾਕਿਸਤਾਨ ਦੀ ਇਮ-ਰਾਨ ਖਾਨ ਸਰਕਾਰ ਦੇ ਵਿਗਿਆਨ ਅਤੇ ਤਕਨੀਕ ਮੰਤਰੀ ਫਵਾਦ ਚੌਧਰੀ ਨੇ ਭਾਰਤੀ ਫੌਜ ਦੇ ਪੰਜਾਬੀ ਜਵਾਨਾਂ ਨੂੰ ਉਕਸਾਉਣ ਦਾ ਬਿਆਨ ਦਿੱਤਾ ਤੇ ਟਵਿੱਟਰ ਉੱਤੇ ਲਿਖਿਆ ਹੈ ਕਿ ਮੈਂ ਭਾਰਤੀ ਫੌਜ ਦੇ ਸਾਰੇ ਪੰਜਾਬੀ ਜਵਾਨਾਂ ਨੂੰ ਅਪੀਲ ਕਰਦਾ ਹਾਂ ਕਿ ਕਸ਼ਮੀਰੀ ਲੋਕਾਂ ਉੱਤੇ ਭਾਰਤ ਸਰਕਾਰ ਦੇ ਜ਼ੁਲਮ ਦੇ ਖਿਲਾਫ ਆਪਣੀ ਫੌਜ ਦੀ ਡਿਊਟੀ ਕਰਨ ਤੋਂ ਇਨਕਾਰ ਕਰ ਦੇਣ। ਫਵਾਦ ਚੌਧਰੀ ਦੇ ਇਸ ਬਿਆਨ ਪਿੱਛੋਂ ਸੋਸ਼ਲ ਮੀਡੀਆ ਉੱਤੇ ਉਸ ਦਾ ਖੂਬ ਮਜ਼ਾਕ ਉਡਾਇਆ ਗਿਆ ਹੈ।

ਇਸ ਤੋਂ ਪਹਿਲਾਂ ਪਾਕਿ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਆਪਣੇ ਦੇਸ਼ ਦੀ ਵਿਰੋਧੀ ਧਿਰ ਨੂੰ ਕਸ਼ਮੀਰ ਬਾਰੇ ਇਕੱਠੇ ਹੋਣ ਦਾ ਸੱਦਾ ਦਿੱਤਾ ਤੇ ਕਿਹਾ ਸੀ ਕਿ ਉਨ੍ਹਾਂ ਨੇ ਕਸ਼ਮੀਰ ਮੁੱਦਾ ਯੂ ਐੱਨ ਸੁਰੱਖਿਆ ਕੌਂਸਲ ਵਿਚ ਲਿਜਾਣ ਦਾ ਫੈਸਲਾ ਕੀਤਾ ਹੈ ਤੇ ਚੀਨ ਨੇ ਇਸ ਦੇ ਲਈ ਪੂਰੀ ਮਦਦ ਦਾ ਭਰੋਸਾ ਦਿੱਤਾ ਹੈ।

### ਸੂਗਰ ਕੇਨ ਸੀਨੀਅਰ ਕਲੱਬ ਵਲੋਂ ਤਾਸ਼ ਤੇ ਹੋਰ ਮੁਕਾਬਲੇ 17 ਨੂੰ

ਸੂਗਰ ਕੇਨ ਸੀਨੀਅਰ ਕਲੱਬ ਵਲੋਂ ਆਉਣ ਵਾਲੀ 17 ਅਗਸਤ ਨੂੰ ਤਾਸ਼, ਸਵੀਪ, ਬੱਚਿਆਂ ਦੀਆਂ ਦੌੜਾਂ, ਲੇਡੀਜ ਦੀ ਮਿਊਜ਼ੀਕਲ ਰੇਸ, ਸਪੂਨ ਰੇਸ ਆਦਿ ਹੋਰ ਮੁਕਾਬਲੇ ਕਰਵਾਏ ਜਾ ਰਹੇ ਹਨ। ਸਭ ਨੂੰ ਆਉਣ ਦਾ ਸੱਦਾ ਦਿੱਤਾ ਜਾਂਦਾ ਹੈ। ਚਾਹ, ਸਨੈਕਸ ਦਾ ਪ੍ਰਬੰਧ ਹੋਵੇਗਾ। ਤਾਸ਼ ਦੀਆਂ ਐਂਟਰੀਆਂ ਉਸੇ ਦਿਨ 11 ਵਜੇ ਤੱਕ ਲਈਆਂ ਜਾਣਗੀਆਂ। ਐਂਟਰੀ ਫੀਸ 10 ਡਾਲਰ ਹੋਵੇਗੀ। ਵਧੇਰੇ ਜਾਣਕਾਰੀ ਲਈ ਕਲੱਬ ਦੇ ਪ੍ਰਧਾਨ ਹਰਬੰਸ ਸਿੰਘ ਨਾਲ 416-558-8812, ਗੁਰਦੇਵ ਸਿੰਘ ਸਿੱਧੂ ਨਾਲ 647-282-6767 ਅਤੇ ਜੁਗਰਾਜ ਸਿੰਘ ਭੁੱਲਰ ਨਾਲ 647-853-3765 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

Honesty, Reliability, Commitment
SELL FOR MORE BUY FOR LESS
▪ 1 yr Home Warranty
Free valuation & Lowest Commission
▪ We Help to get mortgage
▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHAWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca
HiraRandhawa.com
Dhillonbhupendra@hotmail.com

For SUPER-VISA INSURANCE, TRAVEL INSURANCE, RESP
Call: 416-319-0551

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
∘ Low Down payment/Flexible Terms
∘ Large Inventory of New Trucks & Trailers
∘ Quick Approvals ∘ Honest Service
∘ Best Rate in Town ∘ Offices all over Canada
For more Information Contact
Rajdeep: 647.707.4167
Office: 905.678.2424

MICHELIN Hankook Continental ROADLUX BFGoodrich AEOLUS COMPASAL
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Chevron Delo
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਐਮੇਜ਼ੌਨ ਨੇ ਉਸਾਰੀ ਅਧੀਨ ਫੁੱਲਫਿਲਮੈਂਟ ਸੈਂਟਰ ਉੱਤੇ ਕਮਿਊਨਿਟੀ ਲਈ ਟੂਰ ਦਾ ਆਯੋਜਨ ਕੀਤਾ

## ਪੰਜਾਬੀ ਪੋਸਟ ਦੀ ਟੀਮ ਨੇ ਵੀ ਲਿਆ ਹਿੱਸਾ





ਓਨਟਾਰੀਓ, 13 ਅਗਸਤ (ਪੋਸਟ ਬਿਊਰੋ) : ਮੰਗਲਵਾਰ ਨੂੰ ਐਮੇਜ਼ੌਨ ਨੇ ਕੇਲਡਨ, ਓਨਟਾਰੀਓ ਵਿੱਚ ਉਸਾਰੀ ਅਧੀਨ ਨਵੇਂ ਫੁੱਲਫਿਲਮੈਂਟ ਸੈਂਟਰ ਉੱਤੇ ਕਮਿਊਨਿਟੀ ਲਈ ਟੂਰ ਦਾ ਆਯੋਜਨ ਕੀਤਾ। ਇਸ ਦੌਰਾਨ ਪੰਜਾਬੀ ਪੋਸਟ ਦੀ ਟੀਮ ਨੇ ਹਿੱਸਾ ਲਿਆ।

ਇਸ ਮੌਕੇ ਕੇਲਡਨ ਦੇ ਮੇਅਰ ਐਲਨ ਥਾਂਪਸਨ, ਓਨਟਾਰੀਓ ਦੇ ਸਾਲੀਸਿਟਰ ਜਨਰਲ ਅਤੇ ਡਫਰਿਨ ਕੇਲਡਨ ਤੋਂ ਐਮਪੀਪੀ ਸਿਲਵੀਆ ਜੋਨਜ਼ ਤੋਂ ਇਲਾਵਾ ਟਾਊਨ ਆਫ ਕੇਲਡਨ ਤੋਂ ਕੁੱਝ ਕੁ ਕਾਉਂਸਲਰ ਵੀ ਹਾਜ਼ਰ ਸਨ। ਇਨ੍ਹਾਂ ਸਾਰਿਆਂ ਨੂੰ ਕੈਨੇਡਾ ਦੇ ਇਸ ਨਵੇਂ ਫੁੱਲਫਿਲਮੈਂਟ ਸੈਂਟਰ ਦੀ ਝਲਕ ਵੇਖਣ ਨੂੰ ਮਿਲੀ। ਇਸ ਟੂਰ ਵਿੱਚ ਹੁਣ ਤੱਕ ਹੋ ਚੁੱਕੀ ਇਸ ਸੈਂਟਰ ਦੀ ਉਸਾਰੀ ਦੇ ਜਸ਼ਨ ਮਨਾਏ ਗਏ, ਇਸ ਫੈਸਿਲਿਟੀ ਲਈ ਐਮੇਜ਼ੌਨ ਵੱਲੋਂ ਲੋਕਾਂ ਨੂੰ ਹਾਇਰ ਕਰਨ ਦੀ ਆਪਣੀ ਯੋਜਨਾ ਦਾ ਐਲਾਨ ਕੀਤਾ ਗਿਆ ਤੇ ਕੇਲਡਨ ਵਿੱਚ ਐਮੇਜ਼ੌਨ ਦੇ ਆਰਥਿਕ ਪ੍ਰਭਾਵ ਬਾਰੇ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਕਮਿਊਨਿਟੀਜ਼ ਪ੍ਰਤੀ ਆਪਣੀ ਵਚਨਬੱਧਤਾ ਦਰਸਾਉਣ ਲਈ, ਜਿੱਥੇ ਐਮੇਜ਼ੌਨ ਦੇ ਕਰਮਚਾਰੀ ਰਹਿੰਦੇ ਤੇ ਕੰਮ ਕਰਦੇ ਹਨ, ਕੰਪਨੀ ਵੱਲੋਂ ਹੰਬਰਵਿਊ ਸੈਕੰਡਰੀ ਸਕੂਲ ਦੀ ਰੋਬੋਟਿਕਸ ਟੀਮ ਅਲਫਾ ਡੌਗਜ਼ ਲਈ 10,000 ਡਾਲਰ ਡੋਨੇਟ ਕੀਤੇ ਗਏ। ਐਮੇਜ਼ੌਨ ਦੇ ਕੇਲਡਨ ਫੁੱਲਫਿਲਮੈਂਟ ਸੈਂਟਰ ਦੇ ਜਨਰਲ ਮੈਨੇਜਰ ਅੰਸ਼ੁਮਨ ਕੁਮਾਰ ਨੇ ਆਖਿਆ ਕਿ ਅਸੀਂ ਲੋਕਲ ਬਿਜ਼ਨਸਿਜ਼ ਨਾਲ ਜੁੜਨ ਦੀ ਤਾਂਘ ਲਾਈ ਬੈਠੇ ਹਾਂ, ਇਸ ਤੋਂ ਇਲਾਵਾ ਇਸ ਸੈਂਟਰ ਦੇ ਖੁੱਲ੍ਹਣ ਨਾਲ ਰੋਜ਼ਗਾਰ ਦੇ ਨਵੇਂ ਮੌਕੇ ਵੀ ਮਿਲਣਗੇ, ਰੀਜਨ ਉੱਤੇ ਇਸ ਦਾ ਸਕਾਰਾਤਮਕ ਆਰਥਿਕ ਪ੍ਰਭਾਵ ਵੀ ਪਵੇਗਾ ਤੇ ਕਮਿਊਨਿਟੀ ਨੂੰ ਵੀ ਉਸ ਦਾ ਬਣਦਾ ਹਿੱਸਾ ਵਾਪਿਸ ਮਿਲੇਗਾ।

ਇਹ ਨਵੀਂ ਫੈਸਿਲਿਟੀ ਐਮੇਜ਼ੌਨ ਦੇ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ ਤੇ ਅਲਬਰਟਾ ਸਥਿਤ ਫੁੱਲਫਿਲਮੈਂਟ ਸੈਂਟਰਜ਼ ਦੇ ਨੈੱਟਵਰਕ ਨਾਲ ਜੁੜ ਜਾਵੇਗੀ। ਇਸ ਫੈਸਿਲਿਟੀ ਨਾਲ ਜੁੜਨ ਵਾਲੇ ਹਾਊਸ ਡੈਕੋਰ, ਖੇਡਾਂ ਨਾਲ ਜੁੜਿਆ ਸਾਜ਼ੋ ਸਾਮਾਨ, ਗਾਰਡਨਿੰਗ ਆਦਿ ਦੇ ਟੂਲਜ਼ ਚੁਣ ਸਕਣਗੇ, ਪੈਕ ਕਰ ਸਕਣਗੇ ਤੇ ਉਨ੍ਹਾਂ ਨੂੰ ਕਿਸੇ ਵੀ ਥਾਂ ਉੱਤੇ ਭੇਜ ਸਕਣਗੇ। ਕੁੱਲ ਮਿਲਾ ਕੇ ਐਮੇਜ਼ੌਨ ਦੇ ਕੈਨੇਡਾ ਭਰ ਵਿੱਚ ਇਸ ਸਮੇਂ 10,000 ਕਰਮਚਾਰੀ ਹਨ ਜਿਹੜੇ ਕਾਰਪੋਰੇਟ ਆਫਿਸਿਜ਼, ਡਿਵੈਲਪਮੈਂਟ ਸੈਂਟਰਜ਼ ਤੇ ਹੋਰਨਾਂ ਫੈਸਿਲਿਟੀਜ਼ ਵਿੱਚ ਕੰਮ ਕਰਦੇ ਹਨ।

ਕੇਲਡਨ ਫੈਸਿਲਿਟੀ 800 ਫੁੱਲ ਟਾਈਮ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਾਵੇਗੀ। ਕੰਪਨੀ ਸ਼ੁਰੂਆਤ ਵਿੱਚ ਘੰਟੇ ਦੇ 15.75 ਡਾਲਰ ਦੇਵੇਗੀ ਤੇ ਪਹਿਲੇ ਦਿਨ ਤੋਂ ਹੀ ਕਰਮਚਾਰੀ ਨੂੰ ਕਈ ਹੋਰ ਫਾਇਦੇ ਵੀ ਮਿਲਣ ਲੱਗਣਗੇ। ਕਈ ਅਹੁਦਿਆਂ ਲਈ ਕਰਮਚਾਰੀਆਂ ਨੂੰ ਹਾਇਰ ਕਰਨ ਦਾ ਸਿਲਸਿਲਾ ਇਸ ਹਫਤੇ ਤੋਂ ਹੀ ਸ਼ੁਰੂ ਹੋ ਜਾਵੇਗਾ। ਇਸ ਕੰਮ ਵਿੱਚ ਰੁਚੀ ਰੱਖਣ ਵਾਲੇ ਉਮੀਦਵਾਰ ਵਾਕ ਇਨ ਹਾਇਰਿੰਗ ਈਵੈਂਟਸ ਤੋਂ ਜਾਣਕਾਰੀ ਹਾਸਲ ਕਰ ਸਕਣਗੇ ਜਾਂ ਆਨਲਾਈਨ http://amazon.com/torontojobs ਉੱਤੇ ਅਪਲਾਈ ਕਰ ਸਕਣਗੇ। ਉਮੀਦਵਾਰ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ ਤੇ ਉਸ ਕੋਲ ਹਾਈ ਸਕੂਲ ਡਿਪਲੋਮਾ ਜਾਂ ਇਸ ਦੇ ਬਰਾਬਰ ਦੀ ਕੋਈ ਪੜ੍ਹਾਈ ਕੀਤੀ ਹੋਣੀ ਚਾਹੀਦੀ ਹੈ ਤਾਂ ਹੀ ਉਸ ਨੂੰ ਨੌਕਰੀ ਲਈ ਵਿਚਾਰਿਆ ਜਾਵੇਗਾ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਦੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd. Unit # 4, Brampton

ALL NEW 2019 THRILL SHOW
ROYAL CANADIAN Family CIRCUS UNDER THE BIG TOP Spectac! 2019
VIP OPENING NIGHT
Milton, ON – MILTON FAIRGROUNDS
Thursday, August 15 @ 7:00 pm
Invitation
The all new Royal Canadian Family Circus SPECTAC!™ 2019 touring Eastern Canada under the Magnificent BIG TOP showcases a circus tradition that goes back to medieval times.
The internationally renowned cast* from throughout the world includes; • JOSEPH DOMINIC BAUER from Switzerland - Our RINGMASTER and WHEEL OF DESTINY, DAREDEVIL Extraordinaire! • THE FLYING CORTES FAMILY from Columbia • The STRONGMAN Comedy Act • THE CHINESE ACROBATS TROUPE • Incredible ROLA BOLA ARISTOV balancing act • The magnificent Dominguez RUSSIAN MOTOSWING act • The thrilling Russian Juggling Act of IGOR AND TATIANA • The CUBE HULA HOOPS from Peru • The spectacular XTREME DOMINGUEZ FAMILY – MOTOR BIKE GLOBE from Mexico • World's dramatic acrobatic TEETERBOARD • The TZ DANCERS & AERIALISTS, and many more...
6:00 pm Meet Cathy Sproule at the Box Office
• Receive your VIP Passes
• Meet Ringmaster Joseph Dominick Bauer
• Orientation, Behind the Scenes Tour & History of the Royal Canadian Circus, celebrating 256 years of Zerbini Family Legacy (1763-2019)
6:15 pm Concessions & VIP Advance seating
6:30 pm Doors Open
7:00 pm It's Show Time! Enjoy our Performance – It's simply Spectac!
9:00 pm Grand Finale
ALL NEW SHOW!
